# ਨੂਰ ਜਹਾਂ ਬਾਦਸ਼ਾਹ ਬੇਗਮ

"ਚਾਤ੍ਰਿਕ"

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨੂਰ ਜਹਾਂ ਬਾਦਸ਼ਾਹ ਬੇਗਮ

"ਚਾਤ੍ਰਿਕ"

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਹਕੂਮਤ, ਹੁਸਨ, ਦਾਨਾਈ, ਸਖ਼ਾਵਤ ਤੇ ਖ਼ੁਦਾ-ਤਰਸੀ,
ਖ਼ੁਦਾ ਵੱਲੋਂ ਏ ਪੰਜੇ ਰਹਿਮਤਾਂ ਪਈਆਂ ਤੇਰੀ ਝੋਲੀ।

# ਨੂਰ ਜਹਾਂ ਬਾਦਸ਼ਾਹ ਬੇਗਮ


ਕ੍ਰਿਤ

ਧਨੀ ਰਾਮ 'ਚਾਤ੍ਰਿਕ'



ਪਹਿਲੀ ਵਾਰ ੧੦੦੦ ਕੀਮਤ ੧॥)



Digitized by Panjab Digital Library | www.panjabdigilib.org

Printed at the Sudarshan Press, Hall Bazar, Amritsar
by L. Dhani Ram Printer & Published by the Author
Dhani Ram Chatrik,
Prem Niwas, G. T. Road Chowk Putli Ghar, Amritsar.

Digitized by Panjab Digital Library | www.panjabdigilib.org

# ਭੂਮਿਕਾ

ਪੰਜਾਬ, ਜਿਸ ਨੂੰ ਆਰੀਆ ਨਸਲ ਦੇ ਸਾਡੇ ਵਡ ਵਡੇਰਿਆਂ ਨੇ ਆਬਾਦ ਕੀਤਾ ਤੇ ਏਥੇ ਹੀ ਬੈਠ ਕੇ ਵੇਦਾਂ ਨੂੰ ਰਚਿਆ ਸੀ, ਵੇਦਕ ਜ਼ਮਾਨੇ ਵਿਚ ਸਪਤ-ਸਿੰਧੂ ਨਾਮ ਤੇ ਮਸ਼ਹੂਰ ਸੀ। ਏਹ ਸੱਤ ਦਰਿਆ, ਕਾਬਲ, ਅਟਕ, ਜਿਹਲਮ, ਝਨਾਂ, ਰਾਵੀ, ਬਿਆਸ ਅਤੇ ਸਤਲੁਜ ਗਿਣੇ ਜਾਂਦੇ ਸਨ । ਪੰਜਾਬ ਦਾ ਹੁਣ ਵਾਲਾ ਨਾਂ ਮੁਸਲਮਾਨੀ ਜ਼ਮਾਨੇ ਵਿਚ ਰੱਖਿਆ ਗਿਆ ਸੀ ਤੇ ਕਾਬਲ ਅਟਕ ਨੂੰ ਛੱਡ ਕੇ ਬਾਕੀ ਪੰਜਾਂ ਦਰਿਆਵਾਂ ਦਾ ਦੇਸ ਕਿਹਾ ਜਾਂਦਾ ਸੀ। ਪੰਜਾਬ ਨੂੰ ਆਬਾਦ ਕਰਨ ਦੇ ਬਾਦ ਆਰੀਆ ਲੋਕ ਇਸ ਤੋਂ ਬਾਹਰ ਭੀ ਦੂਰ ਦੂਰ ਨਿਕਲ ਗਏ ਤੇ ਹੌਲੀ ਹੌਲੀ ਸਾਰੇ ਹਿੰਦੁਸਤਾਨ ਸਗੋਂ ਆਸ ਪਾਸ ਦੇ ਟਾਪੂਆਂ ਤੱਕ ਵੀ ਖਿਲਰ ਗਏ ਅਤੇ ਜਿਥੇ ਭੀ ਗਏ ਆਪਣੀ ਆਰੀਆ ਸੱਭਿਤਾ ਦਾ ਬੀਜ ਖਿਲਾਰਦੇ ਗਏ।

ਮੁਸਲਮਾਨ ਪੰਜਾਬ ਨੂੰ ਕਿਸ ਤਰ੍ਹਾਂ ਲਤਾੜ ਲਤਾੜ ਕੇ ਹਿੰਦੁਸਤਾਨ ਤੇ ਫੈਲਦੇ ਰਹੇ, ਤਾਰੀਖ਼ ਹਿੰਦ ਦੇ ਵਰਕੇ ਉਸ ਦੀ ਗਵਾਹੀ ਦੇ ਰਹੇ ਹਨ। ਪਹਿਲੇ ਪਹਿਲ ਸਿਕੰਦਰ ਆਜ਼ਮ ਅਫ਼ਗਾਨਿਸਤਾਨ ਦੇ ਰਾਹੋਂ ਅਟਕ ਦਰਿਆ ਨੂੰ ਪਾਰ ਕਰ ਕੇ ਈਸਵੀ ਸੰਮਤ ਤੋਂ ੩੦੦ ਵਰ੍ਹੇ ਪਹਿਲਾਂ ਟੈਕਸਿਲਾ ਵਿੱਚ ਪਹੁੰਚਾ। ਟੈਕਸਿਲਾ ਉਸ ਜ਼ਮਾਨੇ ਵਿੱਚ ਇਕ ਬਹੁਤ ਵੱਡਾ ਵਿਸ਼ਵ ਵਿਦਿਆਲਯ ਸੀ । ਉਸ ਦੇ ਬਾਦ ਸਿਕੰਦਰ ਨੇ ਜਿਹਲਮ



Digitized by Panjab Digital Library | www.panjabdigilib.org

ਦਰਿਆ ਨੂੰ ਪਾਰ ਕਰ ਕੇ ਰਾਜਾ ਪੋਰਸ ਉੱਤੇ ਚੜ੍ਹਾਈ ਕੀਤੀ ਤੇ ਅਖੀਰ ਉਸ ਨੂੰ ਓਥੇ ਦਾ ਇਲਾਕਾ ਸੌਂਪ ਦਿੱਤਾ। ਫਿਰ ਝਨਾਂ ਨੂੰ ਪਾਰ ਕਰਕੇ ਮਗਧ ਦੇਸ਼ (ਦੁਆਬਾ ਰਚਨਾ) ਵਿਚ ਜਾ ਵੜਿਆ। ਪਰ ਓਥੋਂ ਦੇ ਬਹਾਦਰ ਲੋਕਾਂ ਨੇ ਯੂਨਾਨੀ ਫੌਜਾਂ ਦੇ ਪੈਰ ਉਖੇੜ ਦਿੱਤੇ। ਲਾਚਾਰ ਸਿਕੰਦਰ ਨੂੰ ਪਿਛਾਂਹ ਮੁੜਨਾ ਪਿਆ।

ਇਸ ਜ਼ਮਾਨੇ ਤੋਂ ਨੌ ਸੌ ਵਰ੍ਹੇ ਪਿੱਛੋਂ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ ਤੇ ਹੌਲੀ ਹੌਲੀ ਉਨ੍ਹਾਂ ਦਾ ਦੀਨ ਇਸਲਾਮ ਸਾਰੇ ਪੱਛਮੀ ਹਿੱਸਿਆਂ ਵਿੱਚ ਫੈਲ ਗਿਆ।

ਸੰਨ ੭੧੨ ਈਸਵੀ ਵਿਚ ਮੁਹੰਮਦ ਬਿਨ ਕਾਸਮ ਨੇ ਅਰਬ ਤੋਂ ਚੱਲ ਕੇ ਈਰਾਨ ਦੇ ਨਾਲ ਨਾਲ ਸਿੰਧ ਦੇਸ ਵਿਚ ਰਾਜਾ ਡਾਹਰ ਨਾਲ ਟਾਕਰਾ ਕੀਤਾ, ਪਰ ਪੰਜਾਬ ਵੱਲ ਨਹੀਂ ਆਇਆ। ਸੰਨ ੯੭੭ ਈਸਵੀ ਵਿੱਚ ਗ਼ਜ਼ਨੀ ਦੇ ਸੁਬੁਕਤਗੀਨ ਨੇ ਸਿਕੰਦਰ ਆਜ਼ਮ ਵਾਲੇ ਰਾਹੋਂ ਪੰਜਾਬ ਉੱਤੇ ਚੜ੍ਹਾਈ ਕੀਤੀ। ਇਸ ਦੇ ਬਾਦ ਉਸ ਦੇ ਪੁੱਤਰ ਮਹਿਮੂਦ ਗ਼ਜ਼ਨਵੀ ਨੇ ਅਠਾਰਾਂ ਵਾਰੀ ਚੜ੍ਹਾਈ ਕੀਤੀ ਤੇ ਹਰ ਵਾਰ ਲੁਟ ਮਾਰ ਕਰ ਕੇ ਮੁੜ ਜਾਂਦਾ ਰਿਹਾ। ਅਖ਼ੀਰ ਸੰਨ ੧੦੩੦ ਈਸਵੀ ਵਿੱਚ ੬੩ ਸਾਲ ਦੀ ਉਮਰ ਭੋਗ ਕੇ ਮਰ ਗਿਆ।

ਇਸ ਦੇ ਪਿੱਛੋਂ ਮੁਹੰਮਦ ਗ਼ੌਰੀ ਨੇ ਦਿੱਲੀ ਤੇ ਅਜਮੇਰ ਤੱਕ ਪਹੁੰਚਣ ਦੀ ਹਿੰਮਤ ਕੀਤੀ। ਸੰਨ ੧੧੯੪ ਵਿਚ ਉਸ ਨੇ ਬਨਾਰਸ ਤਕ ਰਾਜ ਕਾਇਮ ਕਰ ਲਿਆ। ਸਾਰੇ ਰਾਜਪੂਤ ਉਸ ਦੀ ਤਾਬਿਆ ਹੋ ਗਏ। ਉਸ ਦਾ ਗ਼ੁਲਾਮ ਕੁਤਬੁੱਦੀਨ ਜਰਨੈਲ ਸ਼ੁਰੂ ਤੋਂ ਅਖੀਰ ਤਕ ਉਸ ਦਾ ਸਾਥੀ ਰਿਹਾ। ਸੰਨ ੧੨੦੬ ਵਿੱਚ ਮੁਹੰਮਦ ਗ਼ੌਰੀ ਮਾਰਿਆ ਗਿਆ, ਤੇ ਕੁਤਬੁੱਦੀਨ ਦਿੱਲੀ



Digitized by Panjab Digital Library | www.panjabdigilib.org

ਦਾ ਮਾਲਕ ਬਣ ਗਿਆ। ਏਥੋਂ ਗ਼ੁਲਾਮਾਂ ਦਾ ਖ਼ਾਨਦਾਨ ਸ਼ੁਰੂ ਹੋਇਆ, ਤੇ ਚੁਰਾਸੀ ਵਰ੍ਹੇ ਬਾਦ ਸੰਨ ੧੨੯੦ ਈਸਵੀ ਵਿੱਚ ਕੈਕੁਬਾਦ ਦੀ ਮੌਤ ਦੇ ਨਾਲ ਹੀ ਖ਼ਤਮ ਹੋ ਗਿਆ, ਤੇ ਜਲਾਲੁੱਦੀਨ ਖਿਲਜੀ ਨੇ ਦਿੱਲੀ ਦਾ ਤਖ਼ਤ ਕਾਬੂ ਕਰ ਲਿਆ।

ਖਿਲਜੀ ਹਕੂਮਤ ਸਿਰਫ਼ ਤੀਹ ਵਰ੍ਹੇ ਰਹੀ। ਫੇਰ ਤੁਗ਼ਲਕ ਖ਼ਾਨਦਾਨ ਦਾ ਰਾਜ ਹੋਇਆ ਤੇ ੧੪੧੪ ਈਸਵੀ ਤਕ ਚਲਦਾ ਰਿਹਾ। ਇਸ ਦੇ ਬਾਦ ਸਾਦਾਤ ਖ਼ਾਨਦਾਨ ਸੰਨ ੧੪੫੧ ਈਸਵੀ ਤੱਕ ਰਾਜ ਕਰਦਾ ਰਿਹਾ ਤੇ ਫਿਰ ਲੋਧੀ ਖ਼ਾਨਦਾਨ ਦੀ ਹਕੂਮਤ ੧੫੨੬ ਈਸਵੀ ਤੱਕ ਰਹੀ। ਇਸ ਦੇ ਬਾਦ ਮੁਗ਼ਲ ਹਕੂਮਤ ਕਾਇਮ ਹੋ ਗਈ ਤੇ ਸੰਨ ੧੮੪੯ ਈਸਵੀ ਵਿੱਚ ਅੰਗਰੇਜ਼ਾਂ ਦੇ ਹੱਥ ਵਿੱਚ ਆ ਗਈ।

ਮੁਗ਼ਲ ਬਾਦਸ਼ਾਹੀ ਤਿੰਨ ਸੌ ਤੋਂ ਜ਼ਿਆਦਾ ਵਰ੍ਹੇ ਕਾਇਮ ਰਹੀ। ਤੇਰਾਂ ਪੀੜ੍ਹੀਆਂ ਵਿੱਚ ਪੰਦਰਾਂ ਬਾਦਸ਼ਾਹਾਂ ਨੇ ਹਕੂਮਤ ਕੀਤੀ। ਏਨ੍ਹਾਂ ਬਾਦਸ਼ਾਹਾਂ ਵਿੱਚ ਸਭ ਤੋਂ ਪਹਿਲਾ ਬਾਬਰ, ਸਭ ਤੋਂ ਅਖੀਰੀ ਬਹਾਦਰ ਸ਼ਾਹ; ਸਭ ਤੋਂ ਹਰ ਮਨ ਪਿਆਰਾ ਤੇ ਦਰਿਆ ਦਿਲ ਅਕਬਰ; ਸਭ ਤੋਂ ਕਮ ਖਰਚ ਤੇ ਫਿਰਕਾ ਪ੍ਰਸਤ ਔਰੰਗਜ਼ੇਬ; ਸਭ ਤੋਂ ਬੇਪਰਵਾਹ ਜਹਾਂਗੀਰ; ਸਭ ਤੋਂ ਫਜ਼ੂਲ ਖਰਚ ਮੁਹੰਮਦ ਸ਼ਾਹ ਰੰਗੀਲਾ, ਤੇ ਸਭ ਤੋਂ ਵਧ ਕੇ ਇਮਾਰਤਾਂ ਦਾ ਸ਼ੌਕੀਨ ਸ਼ਾਹ ਜਹਾਨ ਸੀ। ਅਕਬਰ ਦੀ ਵੱਡੀ ਸੱਧਰ ਇਹ ਸੀ ਕਿ ਹਿੰਦੁਸਤਾਨ ਇਕ ਪਾਇਦਾਰ ਬਾਦਸ਼ਾਹਤ ਬਣ ਜਾਵੇ ਤੇ ਹਿੰਦੂ ਮੁਸਲਮਾਨ ਦਾ ਖ਼ੂਨ ਰਲ ਜਾਏ। ਉਸ ਨੇ ਆਪ ਰਾਜਪੂਤ ਰਾਣੀਆਂ ਨਾਲ ਵਿਆਹ ਕੀਤੇ, ਜਹਾਂਗੀਰ ਦੇ ਦੋ ਵਿਆਹ ਰਾਜਪੂਤਾਂ ਵਿੱਚ ਕੀਤੇ, ਪਰ ਅੱਗੇ ਚੱਲ ਕੇ ਉਸ ਦੀ ਇਹ ਪਾਲਿਸੀ ਚਲ ਨਾ ਸੱਕੀ।



Digitized by Panjab Digital Library | www.panjabdigilib.org

ਜਹਾਂਗੀਰ ਅਕਬਰ ਦਾ ਬੜਾ ਲਾਡਲਾ ਤੇ ਐਸ਼ ਪਸੰਦ ਲੜਕਾ ਸੀ। ਉਸ ਨੇ ਬੇ-ਸ਼ੁਮਾਰ ਗ਼ਲਤੀਆਂ ਅਕਬਰ ਦੀ ਮਰਜ਼ੀ ਦੇ ਵਿਰੁੱਧ ਕੀਤੀਆਂ ਪਰ ਅਕਬਰ ਉਸ ਨੂੰ ਮੱਝ ਵਰਗਾ ਜੇਰਾ ਕਰਕੇ ਮੁਆਫ਼ ਕਰ ਦੇਂਦਾ ਰਿਹਾ। ਅਮੀਰ ਵਜ਼ੀਰ ਭੀ ਸਾਰੇ ਜਹਾਂਗੀਰ ਦੇ ਵਿਰੁੱਧ ਸਨ। ਇਕ ਵੇਰੀ ਸਭ ਨੇ ਰਲ ਕੇ ਅਕਬਰ ਪਾਸ ਸਿਫ਼ਾਰਸ਼ ਕੀਤੀ ਕਿ ਤਖ਼ਤ ਦਾ ਵਾਰਸ ਜਹਾਂਗੀਰ ਦੇ ਲੜਕੇ ਸ਼ਾਹ ਜਹਾਨ ਨੂੰ ਬਣਾਇਆ ਜਾਏ, ਪਰ ਅਕਬਰ ਨੇ ਅਖੀਰ ਵੇਲੇ ਸਾਰੇ ਅਹਿਲਕਾਰਾਂ ਨਾਲ ਜਹਾਂਗੀਰ ਦੀ ਸੁਲਹ ਕਰਾ ਕੇ ਪਰਾਣ ਦਿੱਤੇ। ਜਹਾਂਗੀਰ ਦਾ ਇਹ ਹਾਲ ਸੀ ਕਿ ਦਿਨ ਰਾਤ ਸ਼ਰਾਬ ਵਿਚ ਮਸਤ ਰਹਿੰਦਾ ਸੀ। ਬੜੇ ਭੈੜੇ ਸੁਹਬਤੀ ਉਸ ਨੂੰ ਜੁੜੇ ਹੋਏ ਸਨ, ਜੋ ਉਸ ਦੇ ਹੱਥੋਂ ਕਈ ਜ਼ੁਲਮ ਭੀ ਕਰਵਾਉਂਦੇ ਰਹਿੰਦੇ ਸਨ। ਜ਼ੁਲਮ ਭੀ ਐਹੋ ਜਿਹੇ ਜੋ ਇਕ ਹਿੰਦੁਸਤਾਨ ਦੇ ਸ਼ਾਹਿਨਸ਼ਾਹ ਦੇ ਨਾਮ ਤੇ ਸ਼ਾਨ ਨਾਲ ਫਬਦੇ ਨਹੀਂ ਸਨ।

ਬਤਾਲੀ ਵਰ੍ਹੇ ਦੀ ਉਮਰ ਵਿੱਚ ਕੁਦਰਤ ਨੇ ਜਹਾਂਗੀਰ ਪਾਸੋਂ ਇੱਕ ਅਜੇਹੀ ਹਰਕਤ ਕਰਵਾਈ ਜੋ ਬਾਦਸ਼ਾਹੀ ਦੇ ਹੱਕ ਵਿੱਚ ਬੜੀ ਲਾਭਦਾਇਕ ਸਾਬਤ ਹੋਈ। ਉਹ ਹਰਕਤ ਸੀ ਨੂਰ ਜਹਾਂ ਦੀ ਸ਼ਾਦੀ। ਅੱਗੇ ਚੱਲ ਕੇ ਸਾਬਤ ਹੋਵੇਗਾ ਕਿ ਜੇ ਨੂਰ ਜਹਾਂ ਜਹਾਂਗੀਰ ਨੂੰ ਚੰਦਰੇ ਅਹਿਲਕਾਰਾਂ ਦੇ ਪੰਜੇ ਵਿੱਚੋਂ ਛੁਡਾ ਨਾ ਲੈਂਦੀ ਤਾਂ ਹਿੰਦੁਸਤਾਨ ਦਾ ਇਤਿਹਾਸ ਖ਼ਬਰੇ ਕਿਸ ਤਰ੍ਹਾਂ ਦਾ ਲਿਖਿਆ ਜਾਂਦਾ। ਨੂਰ ਜਹਾਂ ਇੱਕ ਬੜੇ ਉੱਚੇ ਈਰਾਨੀ ਘਰਾਣੇ ਦੀ ਧੀ ਸੀ, ਜਿਸ ਨੇ ਆਪਣੀ ਅਕਲ ਤੇ ਦਾਨਾਈ ਨਾਲ ਜਹਾਂਗੀਰ ਨੂੰ ਕਈ ਗ਼ਲਤੀਆਂ ਤੋਂ ਬਚਾਈ ਰੱਖਿਆ। ਨੂਰ ਜਹਾਂ ਨਾਲ ਜਹਾਂਗੀਰ ਦਾ ਪਿਆਰ ਇਸ਼ਕ ਦੀ ਹੱਦ ਤੀਕ ਪਹੁੰਚ ਗਿਆ। ਅਖ਼ੀਰ ਦੋਹਾਂ ਦੀ ਕਬਰ ਪੰਜਾਬ ਵਿੱਚ ਬਣੀ।



Digitized by Panjab Digital Library | www.panjabdigilib.org

ਨੂਰ ਜਹਾਂ ਦਾ ਜੀਵਨ ਬੜਾ ਸੁਆਦੀ ਵੀ ਹੈ ਤੇ ਦਰਦਨਾਕ ਵੀ ਹੈ। ਉਮੈਦ ਹੈ ਕਿ ਪੰਜਾਬੀ ਭਰਾ ਇਸ ਤੁਛ ਮਿਹਨਤ ਨੂੰ ਕਬੂਲ ਕਰਨਗੇ।

ਪਹਿਲੇ ਪਹਿਲ ਨੂਰ ਜਹਾਂ ਬਾਬਤ ਇਹ ਦੋਹਾਵਲੀ ਜਿਹੀ ਲਿਖੀ ਗਈ ਸੀ ਪਰ ਬਾਦ ਵਿੱਚ ਖਿਆਲ ਆਇਆ ਕਿ ਇਸ ਦੇ ਨਾਲ ਨੂਰ ਜਹਾਂ ਦੀ ਜੀਵਨੀ ਭੀ ਜ਼ਰੂਰੀ ਹੈ। ਇਸ ਦੇ ਬਗ਼ੈਰ ਸਿਰਫ਼ ਕਵਿਤਾ ਨਾਲ ਨੂਰ ਜਹਾਂ ਦੀ ਰੂਹ ਨਾਲ ਬੇਇਨਸਾਫ਼ੀ ਹੋਵੇਗੀ। ਇਸ ਵਾਸਤੇ ਸ਼ੁਰੂ ਵਿਚ ਉਸ ਦਾ ਇਤਿਹਾਸ ਦਿੱਤਾ ਗਿਆ ਹੈ, ਤੇ ਅਖ਼ੀਰ ਵਿੱਚ ਉਹ ਕਵਿਤਾ ਹੈ। ਇਹ ਦੋਨੋਂ ਚੀਜ਼ਾਂ ੧੯੪੪ ਵਿੱਚ ਫ਼ਾਰਸੀ ਅੱਖਰਾਂ ਵਿਚ ਤੇ ਪੰਜਾਬੀ ਬੋਲੀ ਵਿੱਚ ਲਿਖੀਆਂ ਗਈਆਂ ਸਨ, ਪਰ ਇਸ ਸਾਲ ਕੁਝ ਸੱਜਣਾਂ ਦੀ ਸਲਾਹ ਨਾਲ ਇਸ ਨੂੰ ਗੁਰਮੁਖੀ ਪੰਜਾਬੀ ਅੱਖਰਾਂ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਨੂਰ ਜਹਾਂ ਨੇ ਆਪਣੇ ਇਲਮ ਤੇ ਲਿਆਕਤ ਦੇ ਜ਼ੋਰ ਨਾਲ ਸਾਰੇ ਹਿੰਦੁਸਤਾਨ ਦੀ ਵਾਗ ਡੋਰ ਸੰਭਾਲੀ ਰੱਖੀ ਤੇ ਆਖ਼ਰੀ ਵਕਤਾਂ ਵਿੱਚ ਪਤੀ-ਪਿਆਰ ਦੀ ਉਹ ਮਿਸਾਲ ਪੈਦਾ ਕੀਤੀ ਜੋ ਹਿੰਦੂਆਂ ਵਿੱਚ ਵੀ ਕਿਤੇ ਕਿਤੇ ਹੀ ਮਿਲਦੀ ਹੈ।

ਅਮ੍ਰਿਤਸਰ
੨੫-੯-੧੯੫੩

ਧਨੀ ਰਾਮ
"ਚਾਤ੍ਰਿਕ"



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨੂਰ ਜਹਾਂ ਬਾਦਸ਼ਾਹ ਬੇਗਮ

## ੧. ਖ਼ਾਨਦਾਨ

ਈਰਾਨੀ ਬਾਦਸ਼ਾਹ ਤਹਿਮਾਸਪ ਦੇ ਦਰਬਾਰ ਦਾ ਇੱਕ ਥੰਮ੍ਹ ਮਿਰਜ਼ਾ ਮੁਹੰਮਦ ਸ਼ਰੀਫ਼, ਬੜਾ ਇੱਜ਼ਤਦਾਰ ਅਹਿਲਕਾਰ ਸੀ। ਤ੍ਰੱਕੀ ਕਰਦਾ ਕਰਦਾ, ਹਿਰਾਤ ਦਾ ਗਵਰਨਰ ਹੋ ਗਿਆ ਤੇ ਫਿਰ ਸ਼ਾਹੀ ਵਜ਼ੀਰ ਬਣ ਗਿਆ। ਹਿਮਾਯੂੰ ਬਾਦਸ਼ਾਹ ਜਦ ਆਪਣੇ ਜਾਨੀ ਦੁਸ਼ਮਣ ਸ਼ੇਰ ਸ਼ਾਹ ਤੋਂ ਸਤ ਕੇ, ਹਿੰਦੁਸਤਾਨ ਵਿੱਚੋਂ ਬੜੇ ਭੈੜੇ ਹਾਲ ਨਾਲ, ਈਰਾਨ ਦੇ ਬਾਦਸ਼ਾਹ ਦੀ ਸ਼ਰਨ ਲੈਣ ਲਈ ਜਾ ਰਿਹਾ ਸੀ, ਤਦ ਰਸਤੇ ਵਿੱਚ ਉਸ ਦੀ ਪ੍ਰਾਹੁਣ-ਚਾਰੀ ਦਾ ਕੰਮ ਹਿਰਾਤ ਦੇ ਹਾਕਮ ਮਿਰਜ਼ਾ ਮੁਹੰਮਦ ਸ਼ਰੀਫ਼ ਦੇ ਹੀ ਸਪੁਰਦ ਹੋਇਆ ਸੀ। ਉਸ ਨੇ ਹਿਮਾਯੂੰ ਦੀ ਖ਼ੂਬ ਖ਼ਾਤਰ ਕੀਤੀ ਸੀ। ਸ਼ਾਹੀ ਵਜ਼ੀਰ ਹੋ ਕੇ ਭੀ ਮੁਹੰਮਦ ਸ਼ਰੀਫ਼ ਨੇ ਬਹੁਤ ਨੇਕ ਨਾਮੀ ਖੱਟੀ। ਅਚਾਨਕ ਮਿਰਜ਼ਾ ਬਿਮਾਰ ਪੈ ਗਿਆ ਤੇ ਕੁਝ ਦੇਰ ਬਾਦ ਮਰ ਗਿਆ। ਮਰਨ ਦੇ ਪਿੱਛੋਂ ਦੁਸ਼ਮਣਾਂ ਨੇ ਬਾਦਸ਼ਾਹ ਦੇ ਕੰਨ ਭਰ ਕੇ ਬਹੁਤ ਸਾਰਾ ਕਰਜ਼ਾ ਰਿਆਸਤ ਦਾ ਮਰਨ ਵਾਲੇ ਦੇ ਸਿਰ ਚੜ੍ਹਾ ਦਿੱਤਾ। ਇਸ ਦਾ ਅਦਾ ਕਰਨਾ ਮਰਨ ਵਾਲੇ ਦੇ ਪੁੱਤਰ ਮਿਰਜ਼ਾ ਗ਼ਿਆਸ ਬੇਗ ਦੀ ਹਿੰਮਤ ਤੋਂ ਬਾਹਰ ਸੀ; ਦੁਸ਼ਮਣਾਂ ਦਾ ਦਾਅ ਫੁਰ ਗਿਆ। ਬਾਦਸ਼ਾਹਾਂ ਦੇ ਕੰਨ ਹੁੰਦੇ ਹਨ ਤੇ ਅੱਖਾਂ ਨਹੀਂ ਹੁੰਦੀਆਂ। ਇਸ ਤਰ੍ਹਾਂ ਦੇ ਲਾਇਕ ਤੇ ਖ਼ਾਨਦਾਨੀ ਵਜ਼ੀਰ ਜ਼ਾਦੇ ਦੀ ਇੱਜ਼ਤ ਤਾਂ ਕੀ ਹੋਣੀ ਸੀ, ਸਗੋਂ



Digitized by Panjab Digital Library | www.panjabdigilib.org

ਹੁਕਮ ਚੜ੍ਹ ਗਿਆ ਕਿ ਜਾਂ ਬਾਪ ਦਾ ਕਰਜ਼ਾ ਉਤਾਰੋ ਜਾਂ ਈਰਾਨ 'ਚੋਂ ਨਿਕਲ ਜਾਓ।

## ੨. ਜਨਮ

ਗ਼ਿਆਸ ਬੇਗ ਇਸ ਭੈੜੇ ਹਾਲ ਨਾਲ ਵਤਨ ਛੱਡਣ ਲਈ ਮਜਬੂਰ ਹੋ ਗਿਆ। ਹੱਥ ਪੱਲੇ ਕੁਝ ਬਾਕੀ ਨਹੀਂ ਸੀ, ਅਖੀਰ ਕੁਝ ਘਰ ਦਾ ਸਾਮਾਨ ਵੇਚ ਵੱਟ ਕੇ ਪੱਲੇ ਬੱਧਾ ਤੇ ਅੱਲਾ ਦਾ ਨਾਂ ਲੈ ਕੇ ਟੱਬਰ ਸਮੇਤ ਹਿੰਦੁਸਤਾਨ ਵਲ ਆਉਂਦੇ ਕਾਫ਼ਲੇ ਦੇ ਨਾਲ ਨਾਲ ਤੁਰ ਪਿਆ। ਔਰਤ ਗਰਭ ਨਾਲ ਸੀ ਤੇ ਰਸਤਾ ਜੰਗਲ ਦਾ, ਸਫ਼ਰ ਵਿੱਚ ਬੇਹੱਦ ਤਕਲੀਫ਼ ਹੋਈ। ਜੇ ਕਾਫ਼ਲੇ ਨਾਲੋਂ ਨਿੱਖੜ ਜਾਂਦੇ ਤਾਂ ਹੋਰ ਭੀ ਬੁਰਾ ਹਾਲ ਹੋਣ ਦਾ ਡਰ ਸੀ। ਬਹੁਤ ਬੜੀ ਮੁਸ਼ਕਲ ਇਹ ਆ ਬਣੀ, ਕਿ ਕੰਧਾਰ ਦੀਆਂ ਉਜਾੜਾਂ ਵਿੱਚ ਜਾ ਕੇ ਬੀਵੀ ਨੂੰ ਪੀੜਾਂ ਛਿੜ ਪਈਆਂ। ਕਾਫ਼ਲੇ ਤੋਂ ਜ਼ਰਾ ਅਗੇਰੇ ਹੋ ਕੇ ਬੈਠ ਗਏ। ਓਥੇ ਦਾਈ ਦੀ ਮਦਦ ਮਿਲਣੀ ਭੀ ਮੁਸ਼ਕਲ ਸੀ। ਮਹਿਲਾਂ ਵਿੱਚ ਵੱਸਣ ਵਾਲੀ ਔਰਤ ਤੇ ਸਿਰ ਤੇ ਜ਼ਿੰਦਗੀ ਮੌਤ ਦਾ ਸਵਾਲ; ਅਖ਼ੀਰ ਅੱਧੀ ਰਾਤ ਬੀਤਿਆਂ ਤੜਫ਼ ਤੜਫ਼ ਕੇ ਕੁੜੀ ਜੰਮੀ ਤੇ ਹੱਡ ਛੁੱਟੇ।

ਸਵੇਰੇ ਤੜਕੇ ਨਾਲ ਜਦ ਕਾਫ਼ਲੇ ਦੇ ਚੱਲਣ ਦੀ ਤਿਆਰੀ ਹੋਣ ਲੱਗੀ ਤਾਂ ਮਿਰਜ਼ੇ ਨੂੰ ਸੋਚਾਂ ਪੈ ਗਈਆਂ। ਨਵੀਂ ਜੰਮੀ ਕੁੜੀ ਦਾ ਕੀ ਕੀਤਾ ਜਾਵੇ ? ਕੱਚੇ ਹੱਡਾਂ ਨਾਲ ਤ੍ਰੀਮਤ ਉਸਦਾ ਭਾਰ ਚੁੱਕ ਨਹੀਂ ਸੀ ਸਕਦੀ, ਸਵਾਰੀ ਦਾ ਬੰਦੋਬਸਤ ਵੀ ਕੋਈ ਨਹੀਂ ਸੀ ਹੋ ਸਕਦਾ। ਜੇ ਕਾਫ਼ਲੇ ਦਾ ਸਾਥ ਛੁੱਟ ਜਾਵੇ ਤਾਂ ਹੋਰ ਭੀ ਸ਼ਾਮਤ ਆ ਜਾਇਗੀ। ਅਖ਼ੀਰ ਏਹੋ ਫੈਸਲਾ ਹੋਇਆ ਕਿ ਸਜਾਈ ਕੁੜੀ ਨੂੰ ਰੱਬ ਦੇ ਹਵਾਲੇ ਕਰਕੇ ਤੁਰ ਪੈਣਾ ਚਾਹੀਦਾ ਹੈ। ਮਾਂ ਦੀ



Digitized by Panjab Digital Library | www.panjabdigilib.org

ਮਮਤਾ ਨੂੰ ਇਹ ਬੇਦਰਦੀ ਪਸੰਦ ਤਾਂ ਨਹੀਂ ਸੀ ਪਰ ਹਿੰਮਤ ਵੀ ਕੋਈ ਨਹੀਂ ਸੀ। ਇਕ ਵੇਰ ਹਿੱਕ ਨਾਲ ਲਾਇਆ ਤੇ ਜ਼ਾਰ ਜ਼ਾਰ ਰੋਣ ਲੱਗ ਪਈ। ਗ਼ਿਆਸ ਪਾਸੋਂ ਵੀ ਰਿਹਾ ਨਾ ਗਿਆ। ਅਖ਼ੀਰ ਰੋ ਧੋ ਕੇ ਘਾਹ ਉੱਤੇ ਪੋਤੜਾ ਵਿਛਾਇਆ ਤੇ ਕੁੜੀ ਨੂੰ ਲਿਟਾ ਦਿੱਤਾ, ਕਿ ਜੇ ਇਸ ਦੀ ਵਧੀ ਹੋਵੇਗੀ ਤਾਂ ਰੱਬ ਕਿਸੇ ਦੇ ਮਨ ਵਿੱਚ ਮਿਹਰ ਪਾ ਦੇਵੇਗਾ। ਆਪ ਅੱਗੇ ਅੱਗੇ ਤੁਰ ਪਏ।

## ੩. ਕੁਦਰਤ ਦਾ ਹੱਥ

ਪਹੁ ਫੁਟਦੀ ਨਾਲ ਆਸਮਾਨ ਦੇ ਮੱਥੇ ਤੇ ਲਾਲੀ ਭਖਣ ਲੱਗੀ ਜਿਸ ਤਰ੍ਹਾਂ ਇੱਕ ਨਵੇਂ ਜੰਮੇਂ ਮੁਗ਼ਲ ਬੱਚੇ ਦੇ ਸਰੀਰ ਵਿੱਚੋਂ ਲਹੂ ਲਿਸ਼ਕਾਂ ਮਾਰਦਾ ਹੈ। ਊਠਾਂ ਦੇ ਗਲੀਂ ਲਟਕਦੇ ਟੱਲਾਂ ਦੀ ਆਵਾਜ਼ ਨੇ ਕੰਧਾਰ ਦਾ ਜੰਗਲ ਗੂੰਜਾ ਦਿੱਤਾ। ਕਾਫ਼ਲਾ ਮਚਕੀਂ ੨ ਤੁਰਿਆ ਆ ਰਿਹਾ ਸੀ ਕਿ ਅਚਾਨਕ ਨਕੇਲ ਵਾਲੇ ਦੇ ਕੰਨ ਖੜੇ ਹੋ ਗਏ। ਪੈਰ ਥੰਮ ਗਿਆ ਤੇ ਦਿਲ ਧੜਕਣ ਲੱਗ ਪਿਆ। ਇਹ ਇੱਕ ਸਜਾਏ ਬੱਚੇ ਦੇ ਰੋਣ ਦੀ ਆਵਾਜ਼ ਸੀ। ਕਾਫ਼ਲੇ ਦੇ ਸਰਦਾਰ ਮਲਿਕ ਮਸਊਦ ਨੂੰ ਖਬਰ ਪਹੁੰਚ ਈ ਗਈ, ਉਸ ਨੇ ਦੇਖਿਆ ਕਿ ਚੰਦ ਦੀ ਟੁਕੜੀ ਜ਼ਮੀਨ ਤੇ ਡਿੱਗੀ ਪਈ ਹੈ ਤੇ ਉਪਰੋਂ ਤਾਰੇ ਝਾਕ ਝਾਕ ਕੇ ਫ਼ਿਕੇ ਪੈਂਦੇ ਜਾ ਰਹੇ ਹਨ। ਹੋਣੀ ਨੇ ਕੰਨ ਵਿੱਚ ਫੂਕ ਮਾਰੀ ਕਿ ਇਹ ਹਿੰਦੁਸਤਾਨ ਦੀ ਮਲਕਾ ਹੋਣ ਵਾਲੀ ਜਿੰਦੜੀ ਹੈ; ਸੰਭਾਲ ਕੇ ਚੱਕ ਲੈ, ਤੇਰੇ ਤਰਸ ਦਾ ਮੁੱਲ ਇਸ ਦੇ ਜਵਾਨ ਹੋਇਆਂ ਮਿਲ ਜਾਏਗਾ। ਮਸਊਦ ਨੇ ਕੁਦਰਤ ਦੇ ਇਸ਼ਾਰੇ ਨਾਲ ਕੁੜੀ ਨੂੰ ਹਿੱਕ ਨਾਲ ਲਾ ਲਿਆ। ਹੁਣ ਉਸ ਦੇ ਦੁਧ ਪਿਆਉਣ ਦਾ ਫਿਕਰ ਹੋਣ ਲੱਗਾ। ਕਿਸੇ ਨੇ ਕਿਹਾ ਇਕ ਬੇਨਸੀਬ ਟੱਬਰ ਕਾਫ਼ਲੇ ਦੇ ਅੱਗੇ ਜਾ



Digitized by Panjab Digital Library | www.panjabdigilib.org

ਰਿਹਾ ਹੈ, ਨਾਲ ਔਰਤ ਹੈ। ਸ਼ਾਇਦ ਉਹ ਦੁੱਧ ਪਿਆਉਣਾ ਮਨਜ਼ੂਰ ਕਰ ਲਏ। ਇਹ ਅੱਗੇ ਅੱਗੇ ਜਾ ਰਹੇ ਸਨ, ਬੁਲਾ ਕੇ ਕੁੜੀ ਉਸ ਦੀ ਗੱਦੇ ਪਾ ਦਿੱਤੀ ਗਈ। ਕਿਸਮਤ ਨੇ ਬੋਹਣੀ ਇਹ ਕਰਵਾਈ ਕਿ ਮਾਂ ਦਾ ਕੁਝ ਰੁਜ਼ੀਨਾ ਲੱਗ ਗਿਆ ਤੇ ਇੱਕ ਊਠ ਸਵਾਰੀ ਵਾਸਤੇ ਮਿਲ ਗਿਆ। ਇੱਕ ਸਖ਼ੀ ਸੌਦਾਗਰ ਦੇ ਮਨ ਮਿਹਰ ਪਈ ਵੇਖ ਕੇ ਮਾਂ ਨੇ ਮਿਹਰੁਲ-ਨਿਸਾ (ਔਰਤਾਂ ਦਾ ਸੂਰਜ) ਨਾਂ ਰੱਖ ਦਿੱਤਾ। ਕੁਦਰਤ ਨੇ ਇਹ ਨਾਂ ਪਸੰਦ ਕਰਕੇ ਝੋਲੀ ਪੁਆ ਲਿਆ; ਕਿਉਂਕਿ ਉਸ ਦੀ ਮਰਜ਼ੀ ਭੀ ਹਿੰਦੁਸਤਾਨ ਦੀ ਤਾਰੀਖ਼ ਵਿੱਚ ਦੁਨੀਆਂ ਦੀ ਇਸ ਮਹਿਮਾਨ ਕੁੜੀ ਨੂੰ ਇੱਕ ਚਮਕਦਾਰ ਵਰਕਾ ਸ਼ਾਮਲ ਕਰਨ ਦੀ ਸੀ। ਸਫ਼ਰ ਆਗਰੇ ਤੱਕ ਦਾ ਸੀ। ਰਸਤੇ ਵਿੱਚ ਮਲਿਕ ਮਸਊਦ ਨਾਲ ਮਿਰਜ਼ਾ ਗ਼ਿਆਸ ਦੀ ਜਾਣ ਪਛਾਣ ਹੁੰਦੀ ਗਈ। ਈਰਾਨ ਦੇ ਵਜ਼ੀਰਜ਼ਾਦੇ ਉੱਤੇ ਬੜਾ ਤਰਸ ਆਇਆ ਤੇ ਰਾਹ ਵਿੱਚ ਉਸ ਦੀ ਮੁਨਾਸਬ ਮਦਦ ਵੀ ਕਰਦਾ ਗਿਆ।

## ੪. ਅਕਬਰੀ ਦਰਬਾਰ ਵਿੱਚ

ਮਲਿਕ ਮਸਊਦ ਨੇ ਆਗਰੇ ਕੁਝ ਚਿਰ ਆਰਾਮ ਕਰਕੇ ਅਕਬਰ ਦੀ ਸੇਵਾ ਵਿੱਚ ਆਪਣੇ ਈਰਾਨ ਦੇਸ ਦੇ ਤੁਹਫੇ, ਸੁਗਾਤਾਂ ਤੇ ਢੋਏ ਪੇਸ਼ ਕੀਤੇ ਅਤੇ ਨਾਲ ਹੀ ਮਿਰਜ਼ਾ ਗ਼ਿਆਸ ਦੀ ਮੁਸੀਬਤ ਦਾ ਜ਼ਿਕਰ ਕਰਦਿਆਂ ਮਿਹਰੁਲ-ਨਿਸਾ ਦੇ ਜੰਮਣ ਦਾ ਕਿੱਸਾ ਵੀ ਸੁਣਾਇਆ। ਅਕਬਰ ਨੇ ਮਿਰਜ਼ਾ ਗ਼ਿਆਸ ਨੂੰ ਵੇਖਣ ਦਾ ਸ਼ੌਕ ਜ਼ਾਹਰ ਕੀਤਾ। ਅਗਲੇ ਦਿਨ ਮਸਊਦ ਦੇ ਨਾਲ ਦਰਬਾਰ ਵਿੱਚ ਪੇਸ਼ ਹੋਇਆ ਤਾਂ ਇੱਕ ਯਾਦ ਦਾਸ਼ਤ ਵੀ ਹਾਜ਼ਰ ਕੀਤੀ, ਜਿਸ ਵਿੱਚ ਹਿਮਾਯੂੰ ਬਾਦਸ਼ਾਹ ਨੇ ਲਿਖਿਆ ਸੀ, ਕਿ



Digitized by Panjab Digital Library | www.panjabdigilib.org

ਈਰਾਨ ਦੇ ਸਫ਼ਰ ਵਿੱਚ ਮਿਰਜ਼ਾ ਮੁਹੰਮਦ ਸ਼ਰੀਫ਼ ਹਿਰਾਤ ਦੇ ਹਾਕਮ ਨੇ ਸਾਡੀ ਬਹੁਤ ਸੇਵਾ ਕੀਤੀ। ਅਸੀਂ ਉਸ ਦੇ ਵਰਤਾਰੇ ਨਾਲ ਬਹੁਤ ਖੁਸ਼ ਹੋਏ। ਅਕਬਰ ਨੇ ਗਿਆਸ ਦੀ ਕਾਬਲੀਅਤ ਤੇ ਖ਼ਾਨਦਾਨੀ ਹਾਲ ਸੁਣ ਕੇ ਆਪਣੇ ਦਰਬਾਰ ਵਿੱਚ ਉਸ ਨੂੰ "ਦੀਵਾਨ ਬਿਊਤਾਤ" ਮੁਕੱਰਰ ਕਰ ਦਿੱਤਾ। ਇਸ ਦੀਵਾਨੀ ਦੇ ਅਧੀਨ ਛੱਤੀ ਕਾਰਖ਼ਾਨੇ ਹੋ ਗਏ। ਸ਼ਾਹੀ ਮਹਿਲਾਂ ਵਿੱਚ ਆਉਣ ਜਾਣ ਦੀ ਖੁਲ੍ਹ ਮਿਲ ਗਈ। ਉਸ ਦੀ ਘਰ ਵਾਲੀ ਅਸਮਤ ਬਾਨੋ ਆਪਣਿਆਂ ਬੱਚਿਆਂ ਸਮੇਤ ਬੇਗਮਾਂ ਤੇ ਰਾਣੀਆਂ ਨੂੰ ਸਲਾਮ ਕਰਨ ਜਾਇਆ ਕਰਦੀ ਸੀ, ਸਗੋਂ ਇੱਕ ਬੇਗ਼ਮ ਨਾਲ ਸਹੇਲਪੁਣਾ ਵੀ ਪੈ ਗਿਆ। ਮਿਹਰੁਲ-ਨਿਸਾ ਦਾ ਰੂਪ ਤੇ ਰੱਬ ਦੀ ਦਾਤ ਸੀ ਹੀ ਪਰ ਉਸ ਦੀ ਜ਼ਬਾਨ ਵੀ ਬੜੀ ਰਸੀਲੀ ਸੀ। ਹਰ ਜਗ੍ਹਾ ਉਸ ਨੂੰ ਪਿਆਰ ਤੇ ਸ਼ਾਬਾਸ਼ ਮਿਲਦੀ ਸੀ। ਅਸਮਤ ਬਾਨੋ ਈਰਾਨ ਦੇ ਇੱਕ ਉੱਚੇ ਖ਼ਾਨਦਾਨੀ ਮਿਰਜ਼ਾ ਅਲਾਉੱਦੌਲਾ ਦੀ ਧੀ ਸੀ। ਵਿੱਦਿਆ, ਸੁਘੜਤਾ ਤੇ ਮੁਸੱਵਰੀ ਦੇ ਸਿਵਾ ਭੀ ਉਸ ਵਿੱਚ ਮਿੱਠੀ ਜ਼ਬਾਨ ਦਾ ਗੁਣ ਸੀ, ਮਾਂ ਦੀਆਂ ਆਦਤਾਂ ਧੀ ਵਿਚ ਆ ਜਾਣੀਆਂ ਕੁਦਰਤੀ ਸਨ।

## ਮਿਹਰੁਲ-ਨਿਸਾ ਦਾ ਰੂਪ ਤੇ ਗੁਣ

ਅਸਮਤ ਬਾਨੋ ਦਾ ਸ਼ਾਹੀ ਮਹੱਲਾਂ ਵਿੱਚ ਅਦਬ ਲਿਹਾਜ਼ ਇਸ ਵਾਸਤੇ ਵੀ ਵਧ ਗਿਆ ਸੀ ਕਿ ਉਸ ਦੀ ਵਿੱਦਿਆ ਦਾ ਸੁਖ ਸ਼ਾਹਜ਼ਾਦੀਆਂ ਨੂੰ ਭੀ ਮਿਲ ਜਾਂਦਾ ਸੀ। ਮਿਹਰੁਲ-ਨਿਸਾ ਦੀ ਬੁੱਧੀ ਕੁਦਰਤ ਵਲੋਂ ਹੀ ਤਿੱਖੀ ਸੀ। ਬਾਕੀ ਰਾਜ ਕੰਨਿਆਵਾਂ ਨਾਲੋਂ ਬਹੁਤ ਹੁਸ਼ਿਆਰ ਸੀ। ਪੜ੍ਹਾਈ ਵਿੱਚ ਸਭ ਤੋਂ ਅੱਗੇ ਅੱਗੇ ਰਹਿੰਦੀ ਸੀ। ਕੁਰਾਨ ਸ਼ਰੀਫ਼ ਦੀ ਪੜ੍ਹਾਈ ਵਿੱਚ ਉਸ ਦੀ



Digitized by Panjab Digital Library | www.panjabdigilib.org

ਆਵਾਜ਼ ਐਨੀ ਸੁਰੀਲੀ ਹੁੰਦੀ ਸੀ ਕਿ ਅਕਸਰ ਰਾਣੀਆਂ ਇਨਾਮ ਦਿਆ ਕਰਦੀਆਂ ਸਨ । ਕੁਰਾਨ ਸ਼ਰੀਫ਼ ਤੋਂ ਬਾਦ ਅਰਬੀ, ਫ਼ਾਰਸੀ ਵਿੱਚ ਵੀ ਲਾਇਕ ਹੋ ਗਈ। ਉਸ ਦੇ ਬਾਦ ਨਕਾਸ਼ੀ ਤੇ ਮੁਸੱਵਰੀ ਵਿੱਚ ਕਾਮਲ ਹੋਈ। ਫੇਰ ਘੋੜ ਸੁਆਰੀ ਵਿੱਚ ਤਾਕ ਹੋ ਗਈ। ਨਿਸ਼ਾਨੇ ਬਾਜ਼ੀ ਵਿੱਚ ਅਕਸਰ ਰਾਜ ਕੰਨਿਆਵਾਂ ਤੋਂ ਵਧੀਕ ਨੰਬਰ ਲੈ ਜਾਂਦੀ ਸੀ। ਇਸ ਦਾ ਅਰਬੀ ਫ਼ਾਰਸੀ ਦਾ ਖ਼ਤ ਬਹੁਤ ਸੁੰਦਰ ਸੀ, ਕਪੜੇ ਉੱਤੇ ਕਸੀਦੇ ਦੀ ਕਢਾਈ ਐਸੀ ਚੰਗੀ ਕਰਦੀ ਸੀ ਕਿ ਉਹਦੇ ਕੱਢੇ ਹੋਏ ਰੁਮਾਲ ਸ਼ਾਹੀ ਬੇਗ਼ਮਾਂ ਵਿੱਚ ਮਸ਼ਹੂਰ ਸਨ। ਗਾਉਣ ਵਜਾਉਣ ਵਿੱਚ ਵੀ ਉਸ ਨੂੰ ਕਾਫ਼ੀ ਸੂਝ ਹੋ ਗਈ। ਗੱਲ ਕੀ ਹਰ ਲਿਹਾਜ਼ ਨਾਲ ਉਹ ਆਪਣੇ ਆਪ ਨੂੰ ਕਿਸੇ ਬਾਦਸ਼ਾਹ ਦੀ ਬੇਗ਼ਮ ਬਣਨ ਦੇ ਲਾਇਕ ਬਣਾ ਰਹੀ ਸੀ, ਭਾਵੇਂ ਕੁਦਰਤ ਨੇ ਉਹ ਵੇਲਾ ਅਜੇ ਠਹਿਰ ਕੇ ਲਿਆਉਣਾ ਸੀ।

ਮਿਹਰੁਲ-ਨਿਸਾ ਸਿਆਣੀ ਹੋਈ । ਚਿਹਰੇ ਦੇ ਨਕਸ਼ ਤੇ ਰੰਗ ਰੂਪ ਐਸੇ ਨਿੱਖਰ ਆਏ ਕਿ ਰਾਜ ਮਹੱਲ ਦੀਆਂ ਰਾਣੀਆਂ ਨੂੰ ਭੀ ਮਾਤ ਪਾਉਂਦੀ ਸੀ। ਮਹੱਲ ਦੀਆਂ ਅਹਿਲਕਾਰ ਔਰਤਾਂ ਭੀ ਕੰਨੋ ਕੰਨੀ ਆਖਿਆ ਕਰਨ, ਭਈ ਵੇਖੀਏ ਇਹ ਬਿਜਲੀ ਕਿੱਥੇ ਵਰ੍ਹਦੀ ਹੈ ।

## ੬. ਸ਼ਹਿਜ਼ਾਦਾ ਸਲੀਮ ਦੀ ਤਾੜ ਵਿੱਚ

ਮਿਹਰੁਲ-ਨਿਸਾ ਭਰ ਜੁਆਨ ਹੋਈ ਤਾਂ ਹੁਸਨ ਨੇ ਪਰ ਪੁਰਜ਼ੇ ਕੱਢ ਲਏ। ਕੱਪੜਾ ਪਹਿਨਣ ਤੇ ਬਣਾਉ ਸ਼ਿੰਗਾਰ ਕਰਨ ਦਾ ਵੱਲ ਵੀ ਆ ਗਿਆ। ਇੱਕ ਦਿਨ ਰਣਵਾਸ ਵਿੱਚ ਮੀਨਾ ਬਾਜ਼ਾਰ ਲੱਗਾ ਹੋਇਆ ਸੀ, ਇਹ ਵੀ ਮੋਰ ਵਾਂਗ ਪੈਲਾਂ



Digitized by Panjab Digital Library | www.panjabdigilib.org

ਪਾਉਂਦੀ ਬਾਗ਼ ਵਿੱਚ ਜਾ ਪਹੁੰਚੀ। ਸ਼ਹਿਜ਼ਾਦਾ ਸਲੀਮ(ਜਹਾਂਗੀਰ) ਦੀ ਨਜ਼ਰ ਉਸ ਤੇ ਪਈ ਤਾਂ ਦੰਗ ਰਹਿ ਗਿਆ। ਬਾਗ਼ ਵਿੱਚੋਂ ਫੁੱਲ ਚੁਗਣ ਦੇ ਬਹਾਨੇ ਨਾਲ ਹੱਥ ਵਿਚਲੇ ਦੋ ਕਬੂਤਰ ਮਿਹਰੁਲ-ਨਿਸਾ ਨੂੰ ਫੜਾ ਦਿੱਤੇ ਕਿ ਸੰਭਾਲੀ ਰੱਖੇ। ਸਲੀਮ ਦਾ ਮੂੰਹ ਉਧਰ ਹੋਇਆ ਹੀ ਸੀ ਕਿ ਇੱਕ ਕਬੂਤਰ ਹੱਥੋਂ ਉਡ ਗਿਆ। ਫੜਫੜ ਦੀ ਅਵਾਜ਼ ਸੁਣ ਕੇ ਸਲੀਮ ਨੇ ਏਧਰ ਤੱਕਿਆ; ਹੈਂ ! ਮੇਰਾ ਕਬੂਤਰ ?

"ਸਹਿਬੇ ਆਲਮ ਉਹ ਤਾਂ ਉੱਡ ਗਿਆ,"

"ਉਹ ਕਿਸ ਤਰ੍ਹਾਂ ?"

"ਸਾਹਿਬੇ ਆਲਮ ! ਇਸ ਤਰ੍ਹਾਂ।" ਇਹ ਕਹਿੰਦਿਆਂ ਦੂਸਰਾ ਕਬੂਤਰ ਹਥੋਂ ਉਡਾ ਦਿੱਤਾ।

ਇਹ ਮਿੱਠੀ ਜਿਹੀ ਮੁਸਕਣੀ ਤੇ ਭੋਲੀ ਜਿਹੀ ਅਦਾ ਸਲੀਮ ਦੇ ਕਲੇਜੇ ਵਿੱਚ ਖੁਭ ਗਈ, ਤੇ ਹਮੇਸ਼ਾਂ ਲਈ ਉਸ ਦਾ ਪ੍ਰੇਮੀ ਹੋ ਗਿਆ। ਚੋਰੀ ਛਿਪੀ ਉਸ ਨਾਲ ਪਿਆਰ ਪਾਉਣ ਲੱਗਾ, ਪਰ ਕੁਦਰਤ ਨੂੰ ਹਾਲਾਂ ਬਹੁਤ ਸਾਰਾ ਵਕਤ ਚਾਹੀਦਾ ਸੀ। ਮਿਹਰੁਲ-ਨਿਸਾ ਨੇ ਮਾਂ ਨਾਲ ਜ਼ਿਕਰ ਕੀਤਾ। ਮਾਂ ਨੇ ਬਾਦਸ਼ਾਹ ਬੇਗਮ ਅੱਗੇ ਗਿਲ੍ਹਾ ਕੀਤਾ ਤੇ ਬਾਦਸ਼ਾਹ ਬੇਗਮ ਨੇ ਅਕਬਰ ਸ਼ਾਹ ਅੱਗੇ ਗੱਲ ਕੀਤੀ। ਅਕਬਰ ਨੇ ਬੁਰਾ ਮਨਾਇਆ ਤੇ ਸਲੀਮ ਨੂੰ ਬੁਲਾ ਕੇ ਤਾੜਿਆ ਕਿ ਪਰਜਾ ਦੀਆਂ ਧੀਆਂ ਭੈਣਾਂ ਨੂੰ ਆਪਣੀਆਂ ਧੀਆਂ ਭੈਣਾਂ ਸਮਝਣਾ ਚਾਹੀਦਾ ਹੈ, ਜੇ ਅਸੀਂ ਹੀ ਏਹੋ ਜੇਹੀ ਵਧੀਕੀ ਕਰਨ ਲੱਗਾਂਗੇ ਤਾਂ ਰਈਅਤ ਵਿੱਚ ਸਾਡਾ ਵਿਸਾਹ ਮਾਰਿਆ ਜਾਏਗਾ। ਤੂੰ ਕਿਸੇ ਦਿਨ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਣਨਾ ਹੈ, ਜੇ ਹਿੰਦੂਆਂ ਨਾਲ ਬਣਾ ਕੇ ਨਾ ਰੱਖੇਂਗਾ ਤਾਂ ਬਾਦਸ਼ਾਹੀ ਦੇ ਪੈਰ ਉੱਖੜ ਜਾਣਗੇ। ਰਾਜਪੂਤਾਂ ਵਰਗਾ



Digitized by Panjab Digital Library | www.panjabdigilib.org

ਬਹਾਦਰ ਕੌਮ ਏਸ ਵੇਲੇ ਸਾਡੀ ਸੱਜੀ ਬਾਂਹ ਬਣੀ ਹੋਈ ਹੈ, ਏਨ੍ਹਾਂ ਨਾਲ ਸਾਡਾ ਲਹੂ ਸਾਂਝਾ ਹੁੰਦਾ ਜਾ ਰਿਹਾ ਹੈ। ਏਨ੍ਹਾਂ ਨੂੰ ਛੱਡ ਕੇ ਪਰਦੇਸੀ ਅਹਿਲਕਾਰਾਂ ਦੀਆਂ ਕੁੜੀਆਂ ਵੱਲ ਧਿਆਨ ਦੇਣਾ ਰਾਜਨੀਤੀ ਦੇ ਵਿਰੁਧ ਹੈ। ਅਸਾਂ ਹਿੰਦੁਸਤਾਨ ਨੂੰ ਆਪਣਾ ਵਤਨ ਬਣਾ ਲਿਆ ਹੈ ਤੇ ਏਸੇ ਵਿੱਚ ਅਸਾਂ ਹਮੇਸ਼ਾਂ ਲਈ ਵੱਸਣਾ ਹੈ। ਈਰਾਨ ਨਾਲ ਸਾਡਾ ਹੁਣ ਮਿਤਰਾਨਾ ਹੀ ਰਹਿ ਗਿਆ ਹੈ, ਲਹੂ ਦਾ ਸਾਕ ਕੋਈ ਨਹੀਂ।

ਓਧਰੋਂ ਅਕਬਰ ਨੇ ਗਿਆਸ ਨੂੰ ਭੀ ਤਾਕੀਦ ਕੀਤੀ ਕਿ ਲੜਕੀ ਦਾ ਛੇਤੀ ਵਿਆਹ ਕਰ ਦੇਵੇ। ਗਿਆਸ ਨੇ ਅਦਬ ਨਾਲ ਸਿਰ ਝੁਕਾ ਕੇ ਆਖਿਆ, "ਹਜ਼ੂਰ ਸਾਡੇ ਮਾਈ ਬਾਪ ਹੋ; ਜੋ ਲੜਕਾ ਹਜ਼ੂਰ ਨੂੰ ਪਸੰਦ ਹੋਵੇ ਉਸ ਨਾਲ ਵਿਆਹ ਦਿੱਤੀ ਜਾਵੇ; ਮੇਰਾ ਕੋਈ ਉਜ਼ਰ ਨਹੀਂ।"

## ੭. ਮਿਹਰੁਲ-ਨਿਸਾ ਦੀ ਸ਼ਾਦੀ

ਈਰਾਨੀ ਦਰਬਾਰ ਦੇ ਨਿਆਮਤਖ਼ਾਨੇ ਦਾ ਦਰੋਗ਼ਾ ਅਲੀ ਕੁਲੀ ਖਾਨ ਆਪਣੇ ਬਾਦਸ਼ਾਹ ਦੀ ਮੌਤ ਦੇ ਬਾਦ ਗ਼ਰੀਬੀ ਦਾ ਮਾਰਿਆ ਮੁਲਤਾਨ ਆ ਪਹੁੰਚਿਆ। ਅਬਦੁਲ ਰਹੀਮ ਖਾਨ-ਖਾਨਾ ਉਸ ਵੇਲੇ ਭੱਖਰ ਵਿੱਚ ਲੜ ਰਿਹਾ ਸੀ। ਅਲੀ ਕੁਲੀ ਖਾਨ ਉਸ ਨਾਲ ਰਲ ਗਿਆ ਤੇ ਲੜਾਈ ਵਿੱਚ ਬੜੀ ਬਹਾਦਰੀ ਦਿਖਾਈ, ਫਤੇ ਕਰਕੇ ਆਗਰੇ ਆਇ ਤਾਂ ਖਾਨ-ਖਾਨਾ ਨੇ ਉਸੀ ਨੂੰ ਭੀ ਅਕਬਰ ਬਾਦਸ਼ਾਹ ਅੱਗੇ ਪੇਸ਼ ਕਰ ਦਿੱਤਾ। ਅਲੀ ਕੁਲੀ ਖਾਂ ਜਿੱਨਾ ਬਹਾਬਰ ਸੀ ਓਸ ਤੋਂ ਬਹੁਤਾ ਸੁਹਣਾ ਤੇ ਜੁਆਨ ਸੀ। ਅਕਬਰ ਨੇ ਖੁਸ਼ ਹੋਕੇ ਮਿਹਰੁਲ-ਨਿਸਾ ਦਾ ਵਿਆਹ ਇਸ ਨਾਲ ਕਰਕੇ ਢਾਕੇ ਦਾ ਹਾਕਮ ਮੁਕੱਰਰ ਕਰ ਦਿੱਤਾ। ਸਲੀਮ



Digitized by Panjab Digital Library | www.panjabdigilib.org

ਦੀਆਂ ਅੱਖਾਂ ਤੋਂ ਉਹਲੇ ਕਰ ਦੇਣ ਨਾਲ ਇੱਕ ਪੰਥ ਦੋ ਕਾਜ ਵਾਲੀ ਗੱਲ ਹੋ ਗਈ । ਮਿਹਰੁਲ-ਨਿਸਾ ਆਪਣੇ ਹੁਸਨ ਜਵਾਨੀ ਨਾਲ ਅਕਲ ਤੇ ਇਲਮ ਦੀ ਵੀ ਪੁਤਲੀ ਸੀ । ਹਸਮੁਖ ਤੇ ਹਾਜ਼ਰ ਜਵਾਬ ਐਸੀ, ਕਿ ਮੂੰਹੋਂ ਫੁੱਲ ਕਿਰਦੇ ਸਨ । ਪਤੀ ਨੇ ਸਿਰ ਤੇ ਚੁੱਕ ਲਿਆ, ਐਨੀ ਕਦਰ ਕੀਤੀ ਕਿ ਬੀਬੀ ਨੂੰ ਆਗਰੇ ਦੇ ਰਾਜ ਮਹੱਲ ਵੀ ਭੁੱਲ ਗਏ। ਅਲੀ ਕੁਲੀ ਖਾਨ ਨੂੰ ਜੋਤਸ਼ ਰਮਲ ਦਾ ਠਰਕ ਭੀ ਸੀ । ਇਕ ਦਿਨ ਮਿਹਰੁਲ-ਨਿਸਾ ਨੇ ਕਿਹਾ, "ਜ਼ਰਾ ਮੇਰੀ ਫ਼ਾਲ ਪਾ ਕੇ ਭੀ ਵੇਖੋ"। ਉਸ ਨੇ ਸੰਗਲੀ ਸੁੱਟ ਕੇ ਕਿਹਾ, "ਬੇਗਮ! ਸਿਰ ਤੇ ਸ਼ਾਹੀ ਛਤਰ ਝੂਲਣਾ ਚਾਹੁੰਦਾ ਹੈ।" ਬੇਗਮ ਮੁਸਕ੍ਰਾ ਕੇ ਚੁੱਪ ਹੋ ਗਈ, ਪਰ ਅੰਦਰੋਂ ਸਲੀਮ ਵਾਲੀ ਗੱਲ ਯਾਦ ਆ ਗਈ।

ਅਲੀ ਕੁਲੀ ਖ਼ਾਨ ਨੇ ਢਾਕੇ ਦਾ ਗਵਰਨਰ ਹੋ ਕੇ ਸ਼ਾਹੀ ਦਰਬਾਰ ਦੀ ਬਹੁਤ ਖ਼ਿਦਮਤ ਕੀਤੀ, ਤੇ ਇਨਾਮ ਵਿੱਚ ਬਰਦਵਾਨ ਦੀ ਜਾਗੀਰ ਵੀ ਪਰਾਪਤ ਕੀਤੀ। ਇਕ ਵੇਰ ਹਾਥੀ ਨਾਲ ਭਿੜ ਕੇ ਤੇ ਦੂਜੀ ਵੇਰ ਸ਼ੇਰ ਦਾ ਸ਼ਿਕਾਰ ਕਰ ਕੇ "ਸ਼ੇਰ ਅਫ਼ਗਨ" ਦਾ ਖ਼ਿਤਾਬ ਭੀ ਲੈ ਚੁੱਕਾ ਹੋਇਆ ਸੀ । ਮਿਹਰੁਲ-ਨਿਸਾ ਦੀ ਗੋਦੀ ਵਿਚ ਇੱਕ ਲੜਕੀ ਖੇਡ ਰਹੀ ਸੀ।

## ੮. ਅਕਬਰ ਬਾਦਸ਼ਾਹ ਦਾ ਚਲਾਣਾ

ਅਕਬਰ ਬਾਦਸ਼ਾਹ ਨੇ ਪੰਜਾਹ ਵਰ੍ਹੇ ਬਾਦਸ਼ਾਹੀ ਕਰ ਕੇ ਸੰਨ ੧੬੦੫ ਈ: ਵਿਚ ਪ੍ਰਲੋਕ ਵਾਸ ਕੀਤਾ ਅਤੇ ਉਸ ਦੀ ਜਗ੍ਹਾ ਤੇ ਨੂਰੱਦੀਨ ਜਹਾਂਗੀਰ ਨੇ ਤਖ਼ਤ ਸੰਭਾਲਿਆ । ਅਕਬਰ ਨੇ ਮਰਨ ਵੇਲੇ ਸਾਰੇ ਦਰਬਾਰੀਆਂ ਨਾਲ ਜਹਾਂਗੀਰ ਦੀ ਸਫ਼ਾਈ ਕਰਾ ਦਿੱਤੀ ਸੀ। ਤਖ਼ਤ ਤੇ ਬੈਠ ਕੇ ਉਸ ਦੇ ਅੰਦਰ ਦੀ ਪੁਰਾਣੀ



Digitized by Panjab Digital Library | www.panjabdigilib.org

ਅੱਗ ਫਿਰ ਭੜਕ ਉੱਠੀ । ਮਿਹਰੁਲ-ਨਿਸਾ ਨੂੰ ਸ਼ੇਰ ਅਫ਼ਗਨ ਪਾਸੋਂ ਖੋਹ ਲੈਣ ਦੀਆਂ ਚਾਲਾਂ ਸੋਚਣ ਲੱਗ ਪਿਆ, ਪਰ ਨਾਲ ਹੀ ਆਪਣੇ ਆਪ ਨੂੰ ਬਦਨਾਮੀ ਤੋਂ ਭੀ ਬਚਾਈ ਰੱਖਣਾ ਚਾਹੁੰਦਾ ਸੀ। ਪਰਦੇ ਨਾਲ ਅਲੀ ਕੁਲੀ ਨੂੰ ਅਖਵਾਇਆ ਕਿ ਜੇ ਉਹ ਆਪਣੀ ਔਰਤ ਨੂੰ ਤਲਾਕ ਦੇ ਦੇਵੇ ਤਾਂ ਉਸ ਦੀਆਂ ਚਾਰ ਸ਼ਾਦੀਆਂ ਬਾਦਸ਼ਾਹ ਕਰਵਾ ਦੇਵੇਗਾ, ਤੇ ਬਹੁਤ ਬੜਾ ਅਹੁਦਾ ਭੀ ਮਿਲ ਜਾਏਗਾ। ਉਸ ਨੂੰ ਇਹ ਗੱਲ ਤੀਰ ਵਾਂਗ ਵੱਜੀ, ਤੇ ਨਰਾਜ਼ ਹੋਕੇ ਨੌਕਰੀ ਤੋਂ ਜਵਾਬ ਦੇ ਦਿੱਤਾ, ਤੇ ਆਪ ਆਪਣੀ ਜਾਗੀਰ ਉੱਤੇ ਬਰਦਵਾਨ ਚਲਾ ਗਿਆ।

ਸ਼ੇਰ ਅਫ਼ਗਨ ਦੀ ਏਸ ਹਰਕਤ ਨੇ ਜਹਾਂਗੀਰ ਦੀ ਬਲਦੀ ਉੱਤੇ ਤੇਲ ਦਾ ਕੰਮ ਕੀਤਾ। ਆਪਣੇ ਲੰਗੋਟੀਏ ਯਾਰ ਤੇ ਕੋਕੇ ਸ਼ੇਖ਼ ਜੀਵਨ (ਕੁਤਬੁੱਦੀਨ) ਨੂੰ ਸਦਵਾ ਕੇ ਕਿਹਾ ਜਿਸ ਤਰ੍ਹਾਂ ਵੀ ਹੋਵੇ, ਏਸ ਰਕੀਬ ਨੂੰ ਮੇਰੇ ਰਾਹ ਵਿਚੋਂ ਹਟਾ । ਮੈਂ ਮਿਹਰੁਲ-ਨਿਸਾ ਨੂੰ ਬਗ਼ਲ ਵਿੱਚ ਬਿਠਾ ਕੇ ਹੀ ਸੁਖ ਦਾ ਸਾਹ ਲੈ ਸੱਕਾਂਗਾ। ਕੁਤਬੁੱਦੀਨ ਅੱਗੇ ਹੀ ਇਹੋ ਕੁਝ ਚਾਹੁੰਦਾ ਸੀ । ਬੰਗਾਲੇ ਦੀ ਸੂਬੇਦਾਰੀ ਦਾ ਪਰਵਾਨਾ ਲੈ ਕੇ ਬਰਦਵਾਨ ਵਲ ਤੁਰ ਪਿਆ।

## ੯. ਮਿਹਰੁਲ-ਨਿਸਾ ਦਾ ਰੰਡੇਪਾ

ਸ਼ੇਰ ਅਫ਼ਗਨ ਦੇ ਦੋਸਤਾਂ ਨੇ ਉਸ ਨੂੰ ਖ਼ਤਰੇ ਤੋਂ ਵਾਕਿਫ਼ ਕਰ ਦਿੱਤਾ ਹੋਇਆ ਸੀ। ਜਦ ਕੁਤਬੁੱਦੀਨ ਦਾ ਸੁਨੇਹਾ ਆਇਆ ਤਾਂ ਰਸਮੀ ਤੌਰ ਤੇ ਅੱਗੋਂ ਮਿਲਣ ਲਈ ਚਲਾ ਤਾਂ ਗਿਆ ਪਰ ਬਿਲਕੁਲ ਬੇ-ਹਥਿਆਰ ਵੀ ਨਹੀਂ ਸੀ; ਨਾਲ ਕਈ ਬਹਾਦਰ ਸਿਪਾਹੀ ਵੀ ਲੈ ਗਿਆ ਸੀ। ਕੁਤਬੁੱਦੀਨ ਕੋਲ ਇੱਕ ਪੂਰੀ ਫੌਜ ਸੀ। ਮੁਲਾਕਾਤ ਹੋਈ ਤਾਂ ਫ਼ੌਜ ਦੇ ਸਿਪਾਹੀਆਂ ਨੇ ਸ਼ੇਰ ਅਫ਼ਗਨ



Digitized by Panjab Digital Library | www.panjabdigilib.org

ਦੇ ਆਦਮੀਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਸ਼ੇਰ ਅਫ਼ਗਨ ਨੇ ਗੁੱਸੇ ਵਿੱਚ ਆ ਕੇ ਕਿਹਾ, "ਤੂੰ ਮੈਨੂੰ ਮੁਲਾਕਾਤ ਲਈ ਬੁਲਾਇਆ ਸੀ, ਮੈਂ ਆ ਗਿਆ; ਮੇਰੇ ਆਦਮੀਆਂ ਨਾਲ ਸ਼ਰਾਰਤ ਕਰਨ ਦਾ ਕੀ ਮਤਲਬ?" ਐਨੇ ਚਿਰ ਵਿੱਚ ਘੇਰਾ ਹੋਰ ਵਧ ਗਿਆ। ਸ਼ੇਰ ਅਫ਼ਗਨ ਨੇ ਖੇਲ ਵਿਗੜਦਾ ਦੇਖ ਕੇ ਆਪਣੀ ਆਸਤੀਨ ਵਿਚੋਂ ਜ਼ਹਿਰ ਦੀ ਬੁਝੀ ਹੋਈ ਕਟਾਰ ਖਿੱਚ ਕੇ ਕੁਤਬੁੱਦੀਨ ਨੂੰ ਪਾਰ ਬੁਲਾਇਆ ਤੇ ਆਪ ਤਲਵਾਰ ਧੂਹ ਕੇ ਖੜਾ ਹੋ ਗਿਆ। ਇਹ ਦੇਖ ਕੇ ਸ਼ਾਹੀ ਸਿਪਾਹੀਆਂ ਨੇ ਸ਼ੇਰ ਅਫ਼ਗਨ ਨੂੰ ਬੋਟੀ ਬੋਟੀ ਕਰ ਸੁੱਟਿਆ। ਉਸ ਦਾ ਸੌ ਕਸੂਰਾਂ ਦਾ ਇੱਕ ਕਸੂਰ ਤਾਂ ਇਹ ਸੀ ਕਿ ਉਹ ਸ਼ਹਿਨਸ਼ਾਹ ਦਾ ਰਕੀਬ ਸੀ, ਤੇ ਉੱਤੋਂ ਸ਼ਾਹੀ ਸੂਬੇਦਾਰ ਦਾ ਕਤਲ ਉਸ ਦੇ ਹੱਥੋਂ ਹੋ ਗਿਆ। ਇਸ ਦੀ ਸਜ਼ਾ ਵਿੱਚ ਉਸ ਦੀ ਜਾਗੀਰ ਜ਼ਬਤ, ਘਰ ਬਾਰ ਕੁਰਕ ਤੇ ਬੇਗਮ ਦਾ ਡੋਲਾ ਚੁਕਵਾ ਕੇ ਆਗਰੇ ਪਹੁੰਚਾਇਆ ਗਿਆ। ਮਿਹਰੁਲ-ਨਿਸਾ ਦੇ ਸਿਰ ਤੇ ਅਸਮਾਨ ਟੁੱਟ ਪਿਆ। ਦੁਨੀਆਂ ਅੰਧੇਰੀ ਹੋ ਗਈ। ਉਸ ਦੀ ਮਾਂ ਅਸਮਤ ਬਾਨੋ ਵੀ ਨਾਲ ਸੀ। ਸ਼ੇਰ ਅਫ਼ਗਨ ਦੀ ਧੀ ਸਮੇਤ ਸ਼ਾਹੀ ਕਿਲ੍ਹੇ ਵਿੱਚ ਸਭ ਨੂੰ ਕੈਦ ਕਰ ਲੀਤਾ ਗਿਆ।

## ੧੦. ਜਹਾਂਗੀਰ ਦੇ ਮਹਿਲਾਂ ਵਿਚ

ਇਹ ਸਖ਼ਤੀ ਕਰਕੇ ਜਹਾਂਗੀਰ ਦੀ ਅੰਦਰ ਠੰਢੀ ਤਾਂ ਹੋ ਗਈ ਪਰ ਮਿਹਰੁਲ-ਨਿਸਾ ਮੂੰਹ ਦੀ ਗਰਾਹੀ ਥੋੜੀ ਸੀ। ਕੁਝ ਦਿਨਾਂ ਬਾਦ ਇੱਕ ਬੁੱਢੀ ਮਾਈ ਸੁਨੇਹਾ ਲੈ ਕੇ ਆਈ, "ਬੇਗਮ! ਜੋ ਹੋਣਾ ਸੀ ਸੋ ਹੋ ਗਿਆ, ਤਕਦੀਰ ਨਾਲ ਲੜਿਆ ਨਹੀਂ ਜਾ ਸਕਦਾ; ਬਾਦਸ਼ਾਹ ਨਾਲ ਵਿਗਾੜ ਪਾਇਆਂ



Digitized by Panjab Digital Library | www.panjabdigilib.org

ਆਪਣਾ ਹੀ ਨੁਕਸਾਨ ਹੈ। ਅੱਲਾ ਤੇ ਭਰੋਸਾ ਰੱਖ, ਬਾਦਸ਼ਾਹ ਦੇ ਦਿਲ ਵਿੱਚ ਤੇਰੇ ਲਈ ਬੜੀ ਥਾਂ ਹੈ । ਉਹ ਚਾਹੇ ਤਾਂ ਤੈਨੂੰ ਆਸਮਾਨ ਤੇ ਚੜ੍ਹਾ ਸਕਦਾ ਹੈ । ਤੂੰ ਹਾਂ ਕਰਨ ਵਾਲੀ ਬਣ, ਬਾਕੀ ਸਾਰਾ ਕੰਮ ਮੈਂ ਆਪ ਕਰ ਲਵਾਂਗੀ । ਅਗੋਂ ਇਸ ਵਿਚਾਰੀ ਨੇ ਰੋ ਕੇ ਜਵਾਬ ਦਿੱਤਾ, "ਮਾਈ ਇਸ ਤਰ੍ਹਾਂ ਦਾ ਅਕਲਮੰਦ, ਬਹਾਦਰ ਤੇ ਕਦਰਦਾਨ ਖਾਵੰਦ ਗੁਆ ਕੇ ਹੋਰ ਖਾਵੰਦ ਦੀ ਚਾਹ ਕਰਨੀ ਚਪਣੀ ਦੇ ਪਾਣੀ ਵਿੱਚ ਡੁਬ ਮਰਨ ਵਾਲੀ ਗੱਲ ਹੈ। ਹੈਫ਼ ਹੈ ਮੇਰੀ ਜ਼ਿੰਦਗੀ ਉੱਤੇ ਤੇ ਲਾਨਤ ਹੈ ਐਸ਼ ਕਰਨ ਦੇ ਖਿਆਲ ਉੱਤੇ। ਤੂੰ ਮੇਰੇ ਵੱਲੋਂ ਹਜ਼ੂਰ ਅੱਗੇ ਇਹ ਅਰਜ਼ ਕਰ ਕਿ ਮਰਨ ਵਾਲੇ ਦੀ ਰੂਹ ਉੱਤੇ ਹੋਰ ਭਾਰ ਨਾ ਪਾਓ ਤੇ ਮੈਨੂੰ ਰੱਬ ਦੀ ਰਜ਼ਾ ਉੱਤੇ ਰੰਡੇਪਾ ਕੱਟ ਲੈਣ ਦਿਓ।" ਦੁਨੀਆਂ ਸੁਣ ਕੇ ਅਸ਼ ਅਸ਼ ਕਰ ਉੱਠੀ ਕਿ ਵਾਹ ਭਈ, ਔਰਤਾਂ ਹੋਣ ਤਾਂ ਐਹੋ ਜਿਹੀਆਂ ਹੋਣ। ਪਰ ਜਹਾਂਗੀਰ ਨੂੰ ਇਹ ਰੁੱਖੀ ਜਿਹੀ ਗੱਲ ਪਸੰਦ ਨਾ ਆਈ । ਅਖੀਰ ਕੁਤਬੁੱਦੀਨ ਦੀ ਮਾਂ ਸਲੀਮਾ ਬੇਗਮ ਨੂੰ ਕਹਿ ਭੇਜਿਆ ਕਿ ਮਿਹਰੁਲ-ਨਿਸਾ ਦਾ ਮੱਚ ਅਜੇ ਮਰਿਆ ਨਹੀਂ, ਇਸ ਨੂੰ ਆਪਣੀਆਂ ਬਾਂਦੀਆਂ ਵਿੱਚ ਰੱਖੋ। ਉਹ ਇਸ ਦਾ ਮਤਲਬ ਸਮਝ ਕੇ ਹੌਲੀ ਹੌਲੀ ਪਿਆਰ ਨਾਲ ਤਿਆਰ ਕਰਦੀ ਰਹੀ।

ਏਧਰੋਂ ਜਹਾਂਗੀਰ ਨੇ ਆਪਣੀ ਸੱਚੀ ਪ੍ਰੀਤ ਤੇ ਵਫ਼ਾਦਾਰੀ ਦੇ ਸਬੂਤ ਦੇਣੇ ਸ਼ੁਰੂ ਕਰ ਦਿੱਤੇ ਕਿ ਮੈਂ ਤੇ ਆਪਣਾ ਦਿਲ ਤੇਰੇ ਹੱਥ ਵਿੱਚ ਉਸੇ ਦਿਨ ਦਾ ਫੜਾ ਦਿੱਤਾ ਸੀ ਜਿਸ ਦਿਨ ਕਬੂਤਰਾਂ ਦੀ ਜੋੜੀ ਫੜਾਈ ਸੀ। ਮੇਰੀ ਬੇ-ਵਸੀ ਵਿਚ ਪਿਤਾ ਜੀ (ਅਕਬਰ ਬਾਦਸ਼ਾਹ) ਨੇ ਤੈਨੂੰ ਅਲੀ ਕੁਲੀ ਨਾਲ ਵਿਆਹ ਕੇ ਤੋਰ ਦਿੱਤਾ, ਨਹੀਂ ਤੇ ਮੈਂ ਤਾਂ ਉਦੋਂ ਵੀ ਤੇਰਾ ਸਾਂ ਤੇ ਹੁਣ ਵੀ ਤੇਰਾ ਹਾਂ।



Digitized by Panjab Digital Library | www.panjabdigilib.org

ਬਾਕੀ ਰਿਹਾ ਸ਼ੇਰ ਅਫ਼ਗਨ, ਉਸ ਵਿਚਾਰੇ ਦਾ ਮੈਨੂੰ ਆਪ ਅਫ਼ਸੋਸ ਹੈ। ਜੇ ਓਸ ਵੇਲੇ ਮੇਰੇ ਆਖੇ ਲੱਗ ਜਾਂਦਾ ਤੇ ਤੈਨੂੰ ਤਿਲਾਕ ਦੇ ਕੇ ਸਾਡੇ ਰਸਤੇ ਵਿਚੋਂ ਹੱਟ ਜਾਂਦਾ ਤਾਂ ਮੈਂ ਉਸ ਦਾ ਬਹੁਤ ਕੁਝ ਸੁਆਰ ਦੇਣਾ ਸੀ।

ਜਹਾਂਗੀਰ ਦਾ ਇਹ ਨਿਰਾ ਦਮ ਦਿਲਾਸਾ ਹੀ ਨਹੀਂ ਸੀ, ਪੁਰਾਣੀ ਨਸ਼ਤਰ ਦਾ ਜ਼ਖ਼ਮ ਸੀ। ਮਿਹਰੁਲ-ਨਿਸਾ ਭੀ ਉਸ ਦੀ ਸਿਦਕ ਦਿਲੀ ਨੂੰ ਬੜੇ ਧਿਆਨ ਨਾਲ ਤਾੜਦੀ ਤੇ ਠਕੋਰ ਠਕੋਰ ਕੇ ਪਰਖਦੀ ਪਰਖਾਉਂਦੀ ਰਹੀ। ਦੂਜੇ ਪਾਸੇ ਉਸ ਦੀ ਮਾਂ ਤੇ ਪਿਉ ਨੇ ਭੀ ਸਮਝਾਇਆ ਕਿ ਤੇਰੀ ਬਦੌਲਤ ਸਾਰਾ ਖ਼ਾਨਦਾਨ ਸੁਖੀ ਰਹੇਗਾ। ਜੇ ਬਾਦਸ਼ਾਹ ਨਾਲ ਵੈਰ ਪੈ ਗਿਆ ਤਾਂ ਸਾਡੇ ਨਾਲ ਖ਼ਬਰੇ ਕੀ ਕੀ ਸਖਤੀ ਕਰੇ। ਇਸ ਦਾ ਸੁਭਾ ਵੀ ਬੜਾ ਭੈੜਾ ਹੈ, ਕਿਸੇ ਵੇਲੇ ਤੋਲਾ ਕਿਸੇ ਵੇਲੇ ਮਾਸਾ। ਮਿਹਰੁਲ-ਨਿਸਾ ਆਪਣੇ ਮਾਂ ਪਿਉ ਨੂੰ ਨਰਾਜ਼ ਵੀ ਨਹੀਂ ਸੀ ਕਰਨਾ ਚਾਹੁੰਦੀ। ਓੜਕ ਹਰ ਤਰ੍ਹਾਂ ਦੀ ਤਸੱਲੀ ਕਰਕੇ ਚਾਰ ਸਾਲ ਬਾਦ ਸੰਨ ੧੬੧੧ ਈਸਵੀ ਵਿੱਚ ਸ਼ਾਹੀ ਨਿਕਾਹ ਵਿੱਚ ਆ ਗਈ।

## ੧੧. ਨੂਰ ਜਹਾਂ ਬਾਦਸ਼ਾਹ ਬੇਗਮ

ਜਹਾਂਗੀਰ ਦੀ ਇਹ ਪੁਰਾਣੀ ਮੁਰਾਦ ਪੂਰੀ ਹੋਈ। ਸਾਰੇ ਦਰਬਾਰੀਆਂ ਤੇ ਅਹਿਲਕਾਰਾਂ ਨੇ ਖ਼ੁਸ਼ੀਆਂ ਮਨਾਈਆਂ। ਸ਼ਾਦਿਆਨੇ ਵਜਾਏ ਗਏ। ਸ਼ਹਿਰ ਵਿੱਚ ਦੀਪਮਾਲਾ ਕੀਤੀ ਗਈ ਤੇ ਨਜ਼ਰਾਨੇ ਪੇਸ਼ ਕੀਤੇ ਗਏ। ਮਿਹਰੁਲ-ਨਿਸਾ ਨੂੰ ਸ਼ਾਹੀ ਤਾਜ ਪਹਿਨਾਇਆ ਗਿਆ ਤੇ ਨਾਮ ਮਲਕਾ "ਨੂਰ ਮਹੱਲ" ਰਖਿਆ ਗਿਆ। ਮਲਕਾ ਦੇ ਪਿਤਾ ਮਿਰਜ਼ਾ ਗ਼ਿਆਸ ਬੇਗ ਨੂੰ "ਏਤਮਾਦੁੱਦੌਲਾ" ਦਾ ਖ਼ਿਤਾਬ ਮਿਲਿਆ, ਤੇ ਵਜ਼ੀਰੀ ਦਾ



Digitized by Panjab Digital Library | www.panjabdigilib.org

ਕਲਮਦਾਨ ਸਪੁਰਦ ਹੋ ਗਿਆ। ਭਰਾ "ਆਸਫ਼ ਜਾਹ" ਹੋ ਕੇ ਦਰਬਾਰ ਦਾ ਮਾਲਕ ਬਣ ਗਿਆ। ਹੋਰ ਦਰਬਾਰੀਆਂ ਨੂੰ ਭੀ ਇਨਾਮ ਇਕਰਾਮ ਨਾਲ ਨਿਹਾਲ ਕੀਤਾ ਗਿਆ। ਫ਼ਕੀਰ ਫ਼ੁਕਰੇ ਵਿੱਚ ਵੀ ਬਹੁਤ ਸਾਰੀ ਦੌਲਤ ਵੰਡੀ ਗਈ ਤੇ ਇਸ ਨਵੀਂ ਜੋੜੀ ਦੀ ਸਲਾਮਤੀ ਵਾਸਤੇ ਅਸ਼ੀਰਵਾਦਾਂ ਲਈਆਂ ਗਈਆਂ।

ਦੋ ਸਾਲ ਬਾਦ (ਜਨਵਰੀ ਸੰਨ ੧੬੧੩) ਬਾਦਸ਼ਾਹ ਦੇ ਨਾਮ ਨੂਰੁੱਦੀਨ ਤੇ ਸ਼ਾਹੀ ਖ਼ਿਤਾਬ ਜਹਾਂਗੀਰ ਦੋਹਾਂ ਦੇ ਸਿਰ ਜੋੜ ਕੇ "ਨੂਰ ਜਹਾਂ" ਬਾਦਸ਼ਾਹ ਬੇਗਮ ਨਾਂ ਰੱਖਿਆ ਗਿਆ। ਨੂਰ ਜਹਾਂ ਰੱਬ ਦੀ ਮਿਹਰ ਨਾਲ ਦਾਨਸ਼ਮੰਦ ਵੀ ਸੀ ਤੇ ਸ਼ਾਇਰੀ ਦਾ ਸ਼ੌਕ ਵੀ ਰੱਖਦੀ ਸੀ। ਬਾਦਸ਼ਾਹੀ ਦੇ ਇੰਤਜ਼ਾਮ ਵਿੱਚ ਬਾਦਸ਼ਾਹ ਦਾ ਹੱਥ ਵਟਾਉਣਾ ਬੜੀ ਜਲਦੀ ਨਾਲ ਸ਼ੁਰੂ ਕਰ ਦਿੱਤਾ। ਬਾਦਸ਼ਾਹ ਤਾਂ ਸ਼ਰਾਬ ਦਾ ਨਾਂ ਰਾਮ ਰੰਗੀ ਰੱਖ ਕੇ ਬੇਗਮ ਦੀਆਂ ਖੂਬੀਆਂ ਉੱਤੇ ਮਸਤ ਹੋਇਆ ਰਹਿੰਦਾ ਸੀ। ਕਦੇ ਉਸ ਦੀ ਸੂਰਤ ਵੇਖ ਕੇ ਕੁਰਬਾਨ ਜਾਂਦਾ ਸੀ ਤੇ ਕਦੇ ਉਸ ਦੇ ਮੂੰਹੋਂ ਫੁੱਲ ਝੜਦੇ ਦੇਖ ਦੇਖ ਸਦਕੇ ਜਾਂਦਾ ਸੀ। ਜੇ ਕਦੇ ਕੋਈ ਮੁਸਾਹਿਬ ਅਰਜ਼ੀ ਪਰਚਾ ਲੈ ਕੇ ਹਾਜ਼ਰ ਹੁੰਦਾ ਤਾਂ ਜਵਾਬ ਮਿਲਦਾ ਸੀ, "ਭਾਈ ਆਪਾਂ ਤੇ ਦੋ ਪਿਆਲੇ ਸ਼ਰਾਬ ਤੇ ਇੱਕ ਕਬਾਬ ਦੀ ਸੀਖ ਦੇ ਬਦਲੇ ਬਾਦਸ਼ਾਹੀ ਮਲਕਾ ਦੇ ਹੱਥ ਵੇਚ ਬੈਠੇ ਹਾਂ, ਜੋ ਪੁੱਛਣਾ ਹੋਵੇ ਅੰਦਰੋਂ ਹੁਕਮ ਮੰਗਵਾ ਲਵੋ।"

ਨੂਰ ਜਹਾਂ ਦੇ ਨੂਰ ਨੇ ਹੋਰ ਸਭ ਰਾਣੀਆਂ ਦਾ ਚਾਨਣ ਫ਼ਿੱਕਾ ਪਾ ਦਿੱਤਾ। ਸ਼ਾਹੀ ਮੁਹਰਾਂ ਦੇ ਦੋਹੀਂ ਪਾਸੀਂ ਇਹ ਠੱਪਾ ਲੱਗ ਗਿਆ :-



Digitized by Panjab Digital Library | www.panjabdigilib.org

ਉਪਰਲਾ ਪਾਸਾ—

ਬਹੁਕਮੇ ਸ਼ਾਹਿ ਜਹਾਂਗੀਰ ਯਾਫਤ ਸਦ ਜ਼ੇਵਰ
ਬਨਾਮੇ ਨੂਰ ਜਹਾਂ ਬਾਦਸ਼ਾਹ ਬੇਗਮ ਜ਼ਰ

ਦੂਜਾ ਪਾਸਾ—

ਨੂਰਿ ਜਹਾਂ ਗਸ਼ਤ ਬਫਜ਼ਲੇ ਇਲਾਹ
ਹਮਦਮੇ ਹਮਰਾਜੇ ਜਹਾਂਗੀਰ ਸ਼ਾਹ।

# ੧੨. ਕਾਇਆਂ ਪਲਟ

ਬਾਦਸ਼ਾਹ ਨੂੰ ਬੇਬਸ ਜਿਹਾ ਦੇਖ ਕੇ ਨੂਰ ਜਹਾਂ ਨੇ ਰਾਜ ਕਾਜ ਦਾ ਸਾਰਾ ਭਾਰ ਕਮਾਲ ਦਰਜੇ ਦੀ ਬਹਾਦਰੀ ਤੇ ਮਰਦਾਨਗੀ ਨਾਲ ਆਪਣੇ ਮੋਢਿਆਂ ਤੇ ਚੁੱਕ ਲਿਆ। ਐਸੀ ਖ਼ੂਬੀ ਨਾਲ ਕਿ ਬਾਦਸ਼ਾਹ ਨੂੰ ਬਹੁਤ ਘੱਟ ਦਖਲ ਦੇਣਾ ਪੈਂਦਾ ਸੀ। ਸਾਰੇ ਹਿੰਦੁਸਤਾਨ ਦਾ ਇੰਤਜ਼ਾਮ, ਹਜ਼ਾਰਾਂ ਅਰਜ਼ੀਆਂ ਤੇ ਪਰਵਾਨੇ ਹਰ ਰੋਜ਼ ਪੇਸ਼ ਹੁੰਦੇ। ਨੂਰ ਜਹਾਂ ਉਨ੍ਹਾਂ ਦੇ ਫੈਸਲੇ ਕਰਦੀ ਤੇ ਸ਼ਾਹੀ ਮੁਹਰ ਆਪਣੇ ਹੱਥੀਂ ਲਾਉਂਦੀ ਸੀ। ਅਹਿਲਕਾਰ ਸਭੋ ਕੁਝ ਕਰਦੇ ਸਨ ਪਰ ਨੂਰ ਜਹਾਂ ਦੀ ਨਿਗਾਹ ਪੁਆਏ ਬਿਨਾ ਆਖ਼ਰੀ ਫ਼ੈਸਲਾ ਨਹੀਂ ਹੁੰਦਾ ਸੀ। ਇਹ ਉਹਦੀ ਰੱਬੀ ਦਾਤ ਕਾਬਲੀਅਤ ਦਾ ਪਰਤੋ ਸੀ ਕਿ ਹਿੰਦੁਸਤਾਨ ਦੇ ਵਾਇਸਰਾਇ ਨਾਲੋਂ ਭੀ ਬਹੁਤਾ ਕੰਮ ਤੇ ਬਾਦਸ਼ਾਹ ਨੂੰ ਬਿਲਕੁਲ ਬੇਫ਼ਿਕਰੀ। ਹੋਰ ਰਾਣੀਆਂ ਮਹਾਰਾਣੀਆਂ ਸਿਰਫ਼ ਮੂੰਹ ਤੱਕਦੀਆਂ ਸਨ ਤੇ ਨੂਰ ਜਹਾਂ ਟੋਕਰਿਆਂ ਦੇ ਟੋਕਰੇ ਮਿਸਲਾਂ ਦੇ ਭਰੇ ਹੋਏ ਕਦੇ ਅੰਦਰ ਮੰਗਵਾਉਂਦੀ ਤੇ ਕਦੇ ਬਾਹਰ ਭੇਜਦੀ ਸੀ, ਤੇ ਫੇਰ ਉਹ ਥੱਕਣ ਵਿੱਚ ਨਹੀਂ ਸੀ ਆਉਂਦੀ। ਬਾਦਸ਼ਾਹ ਨੂੰ ਇਹ ਅਸਮਾਨੋਂ ਉੱਤਰੀ ਰੱਬੀ ਦਾਤ ਜਾਪ ਰਹੀ ਸੀ।



Digitized by Panjab Digital Library | www.panjabdigilib.org

ਜਹਾਂਗੀਰ ਸ਼ਰਾਬ ਜ਼ਰੂਰ ਪੀਂਦਾ ਸੀ ਪਰ ਰਾਤ ਨੂੰ। ਦਿਨ ਦੇ ਵੇਲੇ ਤਾਂ ਕੋਈ ਅਹਿਲਕਾਰ ਵੀ ਸ਼ਰਾਬ ਪੀਕੇ ਆਉਂਦਾ ਤਾਂ ਸਖ਼ਤ ਸਜ਼ਾ ਦੇਂਦਾ ਸੀ। ਆਪ ਉਪਰ ਝਰੋਖੇ ਵਿੱਚ ਬੈਠਦਾ ਸੀ, ਪੜਦੇ ਦੇ ਉਹਲੇ ਨੂਰ ਜਹਾਂ ਸਵਾਲਾਂ ਦੇ ਜਵਾਬ ਦੇਈ ਜਾਂਦੀ ਸੀ। ਇੰਤਜ਼ਾਮ ਐਸਾ ਸੁਹਣਾ ਸੀ ਕਿ ਡਿਉਢੀ ਵਿੱਚ ਜ਼ੰਜੀਰ ਲਟਕ ਰਹੀ ਸੀ। ਹਰ ਕੋਈ ਆਪਣੀ ਫਰਿਆਦ ਸੁਣਾ ਸਕਦਾ ਸੀ ਤੇ ਉਸ ਨਾਲ ਪੂਰਾ ਇਨਸਾਫ਼ ਹੁੰਦਾ ਸੀ।

ਇੱਕ ਮੌਕਿਆ ਐਸਾ ਆਇਆ ਕਿ ਨੂਰ ਜਹਾਂ ਦੇ ਹੱਥੋਂ ਕਿਸੇ ਰਾਹ ਜਾਂਦੇ ਉੱਤੇ ਗੋਲੀ ਚੱਲ ਗਈ। ਨੂਰ ਜਹਾਂ ਪਰਦੇ ਵਿੱਚ ਸੀ ਤੇ ਉਹ ਕਿਲ੍ਹੇ ਦੇ ਬਾਹਰੋਂ ਝਾਕ ਰਿਹਾ ਸੀ। ਮਰਨ ਵਾਲੇ ਦੇ ਵਾਰਸਾਂ ਨੇ ਦਾਹਵਾ ਕਰ ਦਿੱਤਾ। ਤਹਕੀਕਾਤ ਹੋਈ, ਸ਼ਰਹ ਦਾ ਫ਼ੈਸਲਾ ਇਹ ਸੀ ਕਿ ਖ਼ੂਨ ਦੇ ਬਦਲੇ ਖ਼ੂਨ ਬਹਾਇਆ ਜਾਏ। ਜਹਾਂਗੀਰ ਨੂੰ ਆਪਣਾ ਰਾਜ ਕਾਜ ਮੂਧਾ ਹੁੰਦਾ ਜਾਪਦਾ ਸੀ। ਅਖੀਰ ਮਲਕਾ ਦੀ ਜਾਨ ਦਾ ਮੁੱਲ ਅਗਲਿਆਂ ਨੇ ਜੋ ਮੂੰਹੋਂ ਮੰਗਿਆ ਦੇ ਕੇ ਛੁਟਕਾਰਾ ਪਾਇਆ।

ਨੂਰ ਜਹਾਂ ਜਿਸ ਵੇਲੇ ਮਲਕਾ ਬਣੀ ਸੀ ਦਰਬਾਰ ਦੀ ਹਾਲਤ ਚੰਗੀ ਨਹੀਂ ਸੀ। ਜਹਾਂਗੀਰ ਨੂੰ ਸੁਹਬਤੀਆਂ ਨੇ ਇੱਕ ਤਰ੍ਹਾਂ ਨਾਲ ਚੌੜ ਕੀਤਾ ਹੋਇਆ ਸੀ। ਸ਼ਰਾਬ ਦੇ ਕਈ ਕਈ ਪਿਆਲੇ ਹਰ ਰੋਜ਼ ਪੀ ਜਾਂਦਾ ਸੀ। ਮਿਸਟਰ ਬਾਲਫ਼ੋਰ ਅੰਗ੍ਰੇਜ਼ ਇਤਿਹਾਸਕਾਰ ਲਿਖਦਾ ਹੈ ਕਿ ਨੂਰ ਜਹਾਂ ਨੇ ਆ ਕੇ ਬਾਦਸ਼ਾਹ ਦੀ ਜ਼ਿੰਦਗੀ ਵਿੱਚ ਬਹੁਤ ਸਾਰਾ ਪਲਟਾ ਲੈ ਆਂਦਾ। ਜਹਾਂਗੀਰ ਨੇ ਜ਼ੁਲਮ ਕਰਨਾ ਬਿਲਕੁਲ ਛੱਡ ਦਿੱਤਾ, ਤੇ ਸ਼ਰਾਬ ਵੀ ਬਹੁਤ ਸਾਰੀ ਘਟਾ ਦਿੱਤੀ। ਦਿਨ ਦੇ ਵੇਲੇ ਨਾ ਆਪ ਪੀਂਦਾ ਸੀ ਨਾ ਕਿਸੇ ਅਹਿਲਕਾਰ ਨੂੰ ਪੀਣ ਦੀ ਆਗਿਆ ਦੇਂਦਾ ਸੀ। ਨੂਰ



Digitized by Panjab Digital Library | www.panjabdigilib.org

ਜਹਾਂ ਨੇ ਕਈ ਤਰ੍ਹਾਂ ਦੇ ਫਾਲਤੂ ਖਰਚ ਘਟਾ ਦਿੱਤੇ । ਇੱਕ ਵੇਰ ਬਹੁਤ ਸਾਰੇ ਹਾਥੀ ਜਹਾਂਗੀਰ ਦੇ ਅੱਗੋਂ ਲੰਘੇ, ਜਿਨ੍ਹਾਂ ਉੱਤੇ ਬੜੀ ਵਧੀਆ ਕਿਸਮ ਦੀ ਜ਼ਰਬਫ਼ਤ ਦੀਆਂ ਝੁੱਲਾਂ ਪਈਆਂ ਹੋਈਆਂ ਸਨ। ਬਾਦਸ਼ਾਹ ਨੇ ਨੂਰ ਜਹਾਂ ਤੋਂ ਪੁੱਛਿਆ, "ਏਨ੍ਹਾਂ ਝੁੱਲਾਂ ਉੱਤੇ ਕੀ ਖ਼ਰਚ ਆਇਆ ਹੈ ?" ਜਵਾਬ ਮਿਲਿਆ— "ਏਹ ਝੁੱਲਾਂ ਤਾਂ ਉਨ੍ਹਾਂ ਜ਼ਰਬਫ਼ਤ ਦੀਆਂ ਥੈਲੀਆਂ ਨਾਲ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚ ਦਰਬਾਰੀ ਅਮੀਰਾਂ ਦੀਆਂ ਅਰਜ਼ੀਆਂ ਆਇਆ ਕਰਦੀਆਂ ਸਨ। ਇਸ ਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਨੂਰ ਜਹਾਂ ਕਿਸ ਤਰ੍ਹਾਂ ਦੀ ਸਰਫ਼ੇਖ਼ੋਰ ਸੀ । ਨੂਰ ਜਹਾਂ ਨੇ ਰਈਯਤ ਦਾ ਧਿਆਨ ਹੁਨਰਾਂ ਤੇ ਦਸਤਕਾਰੀਆਂ ਵੱਲ ਵੀ ਦਿਵਾਇਆ। ਸੜਕਾਂ, ਖੂਹ ਤੇ ਬਾਗ਼ ਵੀ ਬਣਵਾਏ। ਨੱਕਾਸ਼ੀ, ਮੁਸੱਵਰੀ ਤੇ ਰਾਗ ਨਾਲ ਉਸ ਦਾ ਜਮਾਂਦਰੂ ਪਿਆਰ ਸੀ। ਐਨਾ ਇੰਤਜ਼ਾਮ ਸੰਭਾਲ ਕੇ ਭੀ ਉਸ ਨੂੰ ਆਪਣੀ ਸਿਹਤ, ਤੰਦਰੁਸਤੀ ਤੇ ਖ਼ੂਬਸੂਰਤੀ ਦਾ ਪੂਰਾ ਖ਼ਿਆਲ ਸੀ। ਗੁਲਾਬ ਦਾ ਅਤਰ ਓਸੇ ਦੇ ਵਕਤ ਵਿੱਚ ਪੈਦਾ ਹੋਇਆ। ਗਹਿਣਿਆਂ ਦੀ ਸ਼ਕਲ ਸੂਰਤ ਵਿੱਚ ਉਸ ਨੇ ਬਹੁਤ ਸਾਰੀ ਅਦਲਾ ਬਦਲੀ ਕਰਵਾਈ। ਬਾਦਲਾ ਨਾਮੀ ਜ਼ਰੀ ਦਾ ਕੱਪੜਾ ਉਸੇ ਦੀ ਕਾਢ ਹੈ। ਛੱਤ ਦੀ ਚਾਨਣੀ ਭੀ ਉਸੇ ਨੇ ਬਣਵਾਈ ਸੀ। ਜ਼ਨਾਨੇ ਲਿਬਾਸ ਵਿੱਚ ਵੀ ਬੇਸ਼ੁਮਾਰ ਫੈਸ਼ਨ ਉਸ ਨੇ ਪੈਦਾ ਕੀਤੇ। ਗੱਲ ਕੀ ਹਿੰਦੁਸਤਾਨੀ ਆਰਟ ਦਾ ਹੌਸਲਾ ਵਧਾਉਣ ਵਿੱਚ ਨੂਰ ਜਹਾਂ ਹਮੇਸ਼ਾਂ ਅੱਗੇ ਅੱਗੇ ਰਹੀ।

## ੧੩. ਨੂਰ ਜਹਾਂ ਦੇ ਵੈਰੀ

ਜਹਾਂਗੀਰ ਦੇ ਪੰਜ ਸ਼ਹਿਜ਼ਾਦੇ ਸਨ : ਖਿਸਰੋ, ਪਰਵੇਜ਼, ਖ਼ੁੱਰਮ, ਜਹਾਂਦਾਰ ਤੇ ਸ਼ਹਿਰਯਾਰ । ਖ਼ੁੱਰਮ ਨੂੰ ਲਾਇਕ ਤੇ



Digitized by Panjab Digital Library | www.panjabdigilib.org

ਹੋਣਹਾਰ ਵੇਖ ਕੇ ਆਸਫ਼ ਜਾਹ ਨੇ ਆਪਣੀ ਲੜਕੀ ਮੁਮਤਾਜ਼ ਨਾਲ ਸ਼ਾਦੀ ਕਰ ਦਿੱਤੀ। ਜੋ ਬਾਦ ਵਿੱਚ ਸ਼ਾਹ ਜਹਾਨ ਤੇ ਤਾਜ ਮਹੱਲ ਹੋਏ।

ਸ਼ਹਿਰਯਾਰ ਦੀ ਸ਼ਾਦੀ ਨੂਰ ਜਹਾਂ ਦੀ ਲੜਕੀ ਨਾਲ ਹੋ ਗਈ, ਜੋ ਸ਼ੇਰ ਅਫ਼ਗਨ ਦੇ ਘਰ ਹੋਈ ਸੀ। ਨੂਰ ਜਹਾਂ ਚਾਹੁੰਦੀ ਸੀ ਕਿ ਤਖ਼ਤ ਦਾ ਵਾਰਸ ਸ਼ਹਿਰਯਾਰ ਹੋਵੇ, ਪਰ ਆਸਫ਼ ਜਾਹ ਆਪਣੇ ਜਵਾਈ ਖ਼ੁੱਰਮ ਦੇ ਹੱਕ ਵਿੱਚ ਸੀ। ਖ਼ੁੱਰਮ ਲਾਇਕ ਵੀ ਸੀ ਤੇ ਤਖ਼ਤ ਦਾ ਹੱਕਦਾਰ ਵੀ ਸੀ; ਕਿਉਂਕਿ ਇਹ ਰਾਜਪੂਤ ਰਾਣੀ ਦਾ ਪੁੱਤਰ ਸੀ, ਤੇ ਸ਼ਹਿਰਯਾਰ ਇੱਕ ਦਾਸੀ ਦਾ ਸੀ। ਮਿਰਜ਼ਾ ਗ਼ਿਆਸ ਜਦ ਤੀਕਰ ਜੀਉਂਦਾ ਰਿਹਾ, ਧੀ ਨੂੰ ਸਮਝਾਉਂਦਾ ਰਿਹਾ ਸੀ ਪਰ ਉਸ ਦੇ ਅੱਖਾਂ ਮੀਟਣ ਦੇ ਬਾਦ ਵੀ ਭੈਣ ਭਰਾ ਦੀ ਸਫਾਈ ਨਾ ਹੋ ਸਕੀ। ਦਰਬਾਰੀ ਅਹਿਲਕਾਰ ਵੀ ਭਾਵੇਂ ਨੂਰ ਜਹਾਂ ਦੇ ਇਸ਼ਾਰੇ ਉੱਤੇ ਹੀ ਨਚਦੇ ਸਨ, ਪਰ ਤਖ਼ਤ ਦੇ ਮੁਆਮਲੇ ਵਿੱਚ ਆਸਫ਼ ਜਾਹ ਦੇ ਹਿਮਾਇਤੀ ਸਨ। ਨੂਰ ਜਹਾਂ ਦੀ ਵਿਰੋਧਤਾ ਦਾ ਇੱਕ ਕਾਰਣ ਇਹ ਵੀ ਸੀ ਕਿ ਉਹ ਸਾਰੇ ਰਾਜ ਦਰਬਾਰ ਉੱਤੇ ਕਬਜ਼ਾ ਜਮਾਈ ਬੈਠੀ ਸੀ। ਬਾਦਸ਼ਾਹ ਦੇ ਹੁੰਦਿਆਂ ਔਰਤ ਦਾ ਹੁਕਮ ਚਲਦਾ ਦੇਖ ਕੇ ਸਾਰੇ ਖਿਝਦੇ ਸਨ, ਪਰ ਮੁਸ਼ਕਲ ਇਹ ਸੀ ਕਿ ਬਾਦਸ਼ਾਹ ਐਨਾ ਕੰਮ ਕਰਨ ਦੇ ਯੋਗ ਹੀ ਨਹੀਂ ਸੀ। ਨੂਰ ਜਹਾਂ ਦੀ ਹੋਂਦ ਉਸ ਨੂੰ ਦੁਰਲੱਭ ਜਾਪਦੀ ਸੀ ਤੇ ਨੂਰ ਜਹਾਂ ਕੰਮ ਭੀ ਬੜੀ ਅਕਲਮੰਦੀ ਨਾਲ ਚਲਾ ਰਹੀ ਸੀ। ਹਕੂਮਤ ਦੇ ਮੁਆਮਲੇ ਵਿੱਚ ਭੈਣ ਭਰਾ ਦਾ ਗੱਠ ਜੋੜ ਸੀ, ਪਰ ਵਿਰਾਸਤ ਦੇ ਮੁਆਮਲੇ ਵਿੱਚ ਮਤ ਭੇਦ ਸੀ।



Digitized by Panjab Digital Library | www.panjabdigilib.org

# ੧੪. ਮਹਾਬਤ ਖਾਂ

ਨੂਰ ਜਹਾਂ ਦਾ ਦੂਜਾ ਦੁਸ਼ਮਣ ਮਹਾਬਤ ਖਾਂ ਸੀ। ਇਹ ਬਾ ਾਹ ਦਾ ਬੜਾ ਵਫ਼ਾਦਾਰ ਜਰਨੈਲ ਸੀ। ਇੱਕ ਵੇਰ ਉਸ ਨੂੰ ਭੈਣ ਭਰਾ ਦੀ ਸਫ਼ਾਈ ਵਾਸਤੇ ਵੀ ਬੁਲਾਇਆ ਗਿਆ, ਪਰ ਉਹ ਦੋਹਾਂ ਦਾ ਦੁਸ਼ਮਣ ਹੋ ਗਿਆ। ਇੱਕ ਵਾਰ ਉਹ ਬੰਗਾਲ ਵਿੱਚ ਫਸਾਦ ਮਿਟਾਉਣ ਲਈ ਗਿਆ ਹੋਇਆ ਸੀ, ਤੇ ਕਾਮਯਾਬ ਵੀ ਹੋ ਗਿਆ ਸੀ, ਪਰ ਹਿਸਾਬ ਕੋਈ ਨਹੀਂ ਸੀ ਭੇਜਦਾ। ਇੱਕ ਦਿਨ ਮਹਾਬਤ ਖਾਂ ਨੂੰ ਦਰਬਾਰ ਦਾ ਹੁਕਮ ਪਹੁੰਚਾ ਕਿ ਆਪਣੇ ਇਲਾਕੇ ਤੋਂ ਚਲਾ ਆਵੇ ਤੇ ਹਿਸਾਬ ਭੀ ਨਾਲ ਲਈ ਆਵੇ। ਮਹਾਬਤ ਖਾਂ ਨੂੰ ਮਲਕਾ ਉੱਤੇ ਸ਼ੱਕ ਸੀ ਕਿ ਬਾਦਸ਼ਾਹ ਦੀ ਮਰਜ਼ੀ ਬਗ਼ੈਰ ਬੁਲਾਇਆ ਗਿਆ ਹੈ। ਓੜਕ ਚੱਲ ਤਾਂ ਪਿਆ ਪਰ ਆਪਣੇ ਨਾਲ ਚਾਰ ਪੰਜ ਹਜ਼ਾਰ ਰਾਜਪੂਤ ਐਸੇ ਲਿਆਇਆ ਜੋ ਉਸ ਦੀ ਖ਼ਾਤਰ ਮਰਨ ਮਾਰਨ ਨੂੰ ਤਿਆਰ ਸਨ। ਬਾਦਸ਼ਾਹ ਆਪਣੇ ਲਸ਼ਕਰ ਸਮੇਤ ਕਾਬਲ ਵੱਲ ਜਾ ਰਿਹਾ ਸੀ ਤੇ ਜਿਹਲਮ ਦਰਿਆ ਦੇ ਕੰਢੇ ਤੇ ਡੇਰਾ ਲੱਗਾ ਹੋਇਆ ਸੀ। ਮਹਾਬਤ ਖ਼ਾਂ ਨੇ ਆਪਣੇ ਆਉਣ ਦੀ ਖ਼ਬਰ ਪਹੁੰਚਾਈ। ਹੁਕਮ ਹੋਇਆ ਕਿ ਆਸਫ਼ ਜਾਹ ਨੂੰ ਹਿਸਾਬ ਸਮਝਾਉਣ ਦੇ ਬਾਦ ਮੁਲਾਕਾਤ ਹੋਵੇਗੀ। ਇੱਕ ਰਾਤ ਮਹਾਬਤ ਖ਼ਾਂ ਨੇ ਸਬਰ ਕੀਤਾ, ਦੂਸਰੇ ਦਿਨ ਸਵੇਰੇ ਦੇਖਿਆ ਕਿ ਲਸ਼ਕਰ ਤਾਂ ਦਰਿਆਓਂ ਪਾਰ ਹੋ ਚੁੱਕਾ ਹੈ, ਪਰ ਸ਼ਾਹੀ ਖ਼ਾਨਦਾਨ ਉਰਾਰ ਪਿਆ ਹੋਇਆ ਹੈ। ਇਸ ਨਾਜ਼ਕ ਮੌਕਿਆ ਦਾ ਨਾਵਾਜਬ ਲਾਭ ਉਠਾਉਣ ਵਾਸਤੇ ਓਸੇ ਵੇਲੇ ਪੁਲ ਤੇ ਘਾਟ ਨੂੰ ਰੋਕ ਲਿਆ ਕਿ ਪਾਰ ਜਾਣ ਵਾਲੇ ਬੇਸ਼ਕ ਚਲੇ ਜਾਣ ਪਰ ਉਰਾਰ ਕਿਸੇ ਨੂੰ ਨਾ ਆਉਣ ਦਿੱਤਾ ਜਾਵੇ। ਇਧਰ



Digitized by Panjab Digital Library | www.panjabdigilib.org

ਰਾਜਪੂਤਾਂ ਨੂੰ ਸ਼ਾਹੀ ਤੰਬੂਆਂ ਦੇ ਚੁਫੇਰੇ ਖਿਲਾਰ ਦਿੱਤਾ ਤੇ ਆਪ ਘੋੜੇ ਤੇ ਚੜ੍ਹ ਕੇ ਕਨਾਤਾਂ ਦੇ ਅੰਦਰ ਬਾਰਗਾਹ ਦੇ ਦਰਵਾਜ਼ੇ ਅੱਗੇ ਜਾ ਖਲੋਤਾ। ਇਹ ਵੇਖਕੇ ਹਰਮ ਸਰਾ ਵਿੱਚ ਰੌਲਾ ਪੈ ਗਿਆ ਬਾਦਸ਼ਾਹ ਉੱਠਕੇ ਗੁੱਸੇ ਵਿੱਚ ਬਾਹਰ ਆਇਆ। ਪੁਛਿਆ: "ਮੁਹਾਬਤ ਖਾਂ! ਕੀ ਚਾਂਹਦਾ ਏਂ? ਉਸ ਨੇ ਹੱਥ ਜੋੜ ਕੇ ਜਵਾਬ ਦਿੱਤਾ, "ਦੁਸ਼ਮਣਾਂ ਤੋਂ ਬਚ ਕੇ ਹਜ਼ੂਰ ਦੀ ਪਨਾਹ ਵਿੱਚ ਆਇਆ ਹਾਂ" ਇਹ ਕਹਿਕੇ ਆਪਣੇ ਆਪ ਨੂੰ ਤਿੰਨ ਵਾਰ ਬਾਦਸ਼ਾਹ ਤੋਂ ਸਦਕੇ ਕੀਤਾ ਤੇ ਉਸੇ ਵੇਲੇ ਪਾਲਕੀ ਵਿੱਚ ਬੈਠਾ ਕੇ ਆਪ ਮੋਢਾ ਦੇਂਦਾ ਆਪਣੇ ਡੇਰੇ ਲੈ ਗਿਆ; ਨਜ਼ਰਾਂ ਦਿਵਾਈਆਂ ਤੇ ਆਪਣੇ ਪੁੱਤਰਾਂ ਨੂੰ ਸਦਕੇ ਕੀਤਾ, ਬੜਾ ਅਦਬ ਕੀਤਾ ਪਰ ਅਸਲ ਵਿੱਚ ਬਾਦਸ਼ਾਹ ਨਜ਼ਰਬੰਦ ਸੀ। ਬਾਦਸ਼ਾਹ ਨੂੰ ਗੁੱਸਾ ਤਾਂ ਬੜਾ ਉੱਠਦਾ ਸੀ, ਇੱਕ ਛੱਡ ਦੋ ਵਾਰ ਤਲਵਾਰ ਦੇ ਕਬਜ਼ੇ ਵੱਲ ਹੱਥ ਆਇਆ ਪਰ ਹਰ ਵਾਰ ਮਨਸੂਰ ਬਖ਼ਸ਼ੀ ਨੇ ਠੰਢਾ ਕੀਤਾ। ਕਿ ਏਸ ਵੇਲੇ ਕੁਦਰਤ ਸ਼ਾਹੀ ਅਣਖ ਦਾ ਇਮਤਿਹਾਨ ਲੈ ਰਹੀ ਹੈ। ਵੇਲਾ ਆਉਣ ਵਾਲਾ ਹੈ ਕਿ ਇਸ ਦੇ ਕਸੂਰ ਦੀ ਸਜ਼ਾ ਦਿੱਤੀ ਜਾਵੇ, ਪਰ ਹਾਲ ਦੜ ਵੱਟ ਕੇ ਗੁਜ਼ਾਰਾ ਕਰਨਾ ਮੁਨਾਸਬ ਹੈ। ਇਹ ਗੱਲ ਉਸ ਨੇ ਤੁਰਕੀ ਬੋਲੀ ਵਿੱਚ ਸਮਝਾਈ।

ਪਿੱਛੋਂ ਮਹਾਬਤ ਖਾਂ ਨੂੰ ਯਾਦ ਆਇਆ ਕਿ ਨੂਰ ਜਹਾਂ ਨੂੰ ਭੀ ਕੈਦ ਕਰਨਾ ਸੀ। ਭਾਲ ਕੀਤੀ ਤਾਂ ਪਤਾ ਲੱਗਾ ਕਿ ਉਸ ਦਾ ਡੋਲਾ ਪਾਰ ਜਾ ਚੁੱਕਾ ਸੀ। ਅਖੀਰ ਸ਼ਹਿਰਯਾਰ ਦੇ ਡੇਰੇ ਤੇ ਆਇਆ ਤੇ ਓਥੇ ਹੀ ਬਾਦਸ਼ਾਹ ਨੂੰ ਉਤਾਰਿਆ। ਨੂਰ ਜਹਾਂ ਨੇ ਪਾਰ ਜਾ ਕੇ ਆਸਫ਼ ਜਾਹ ਤੇ ਹੋਰ ਸਾਰੇ ਅਹਿਲਕਾਰਾਂ ਨੂੰ ਬਹੁਤ ਝਾੜਿਆ ਤੇ ਫ਼ੌਜ ਨੂੰ ਲੜਾਈ ਲਈ ਤਿਆਰ ਕੀਤਾ। ਏਧਰੋਂ ਨੂਰ ਜਹਾਂ ਨੂੰ ਹੁਕਮ ਉੱਤੇ ਹੁਕਮ ਜਾ ਰਿਹਾ ਸੀ ਕਿ ਖ਼ਬਰਦਾਰ



Digitized by Panjab Digital Library | www.panjabdigilib.org

ਲੜਾਈ ਨਾ ਛੇੜ ਬਹਿਣਾ। ਪਰ ਉਹ ਸਮਝ ਗਈ ਕਿ ਤਾਰ ਹਿਲਾਉਣ ਵਾਲਾ ਮਹਾਬਤ ਹੈ।

ਪਹਿਲੇ ਦਿਨ ਸਰਦਾਰ ਫੌਜ ਲੈ ਕੇ ਆਇਆ ਪਰ ਕਾਮਯਾਬੀ ਨਾ ਹੋਈ। ਦੂਸਰੇ ਦਿਨ ਆਪ ਹਾਥੀ ਉੱਤੇ ਬੈਠ ਕੇ ਪਾਰ ਉੱਤਰੀ। ਬਹੁਤ ਸਾਰੀ ਫੌਜ ਨਾਲ ਆਈ। ਸ਼ਹਿਰਯਾਰ ਦੀ ਛੋਟੀ ਜੇਹੀ ਕੁੜੀ ਨਾਲ ਸੀ। ਨੂਰ ਜਹਾਂ ਨਿਸ਼ਾਨੇ ਬਾਜ਼ ਵੀ ਕਮਾਲ ਦੀ ਸੀ, ਸ਼ੇਰਾਂ ਦਾ ਸ਼ਿਕਾਰ ਕਰਦੀ ਰਹੀ ਸੀ। ਬੜੇ ਤਰਕਸ਼ ਤੀਰਾਂ ਨਾਲ ਖਾਲੀ ਕੀਤੇ। ਓੜਕ ਲੜਕੀ ਦੀ ਬਾਂਹ ਜ਼ਖ਼ਮੀ ਹੋ ਗਈ। ਬਹੁਤ ਸਾਰੇ ਫ਼ੌਜੀ ਵੀ ਮਾਰੇ ਗਏ। ਬੇਗਮ ਨੂੰ ਵਾਪਸ ਪਾਰ ਜਾਣਾ ਪੈ ਗਿਆ। ਏਧਰ ਮਹਾਬਤ ਖਾਂ ਸਲਾਮਾਂ ਕਰ ਕਰ ਕੇ ਜਹਾਂਗੀਰ ਦੇ ਸਦਕੇ ਜਾਂਦਾ ਸੀ, ਪਰ ਕਰਦਾ ਆਪਣੀ ਮਰਜ਼ੀ ਸੀ।

## ੧੫. ਮੌਤ ਦੇ ਮੂੰਹ ਵਿਚ

ਦੋ ਤਿੰਨ ਦਿਨ ਗੁਜ਼ਰ ਗਏ, ਬਾਦਸ਼ਾਹ ਮਹਾਬਤ ਖਾਂ ਦੀ ਕੈਦ ਵਿੱਚ ਸੀ ਤੇ ਮਲਕਾ ਦਰਿਆਓਂ ਪਾਰ। ਅਖੀਰ ਕੌਲ ਇਕਰਾਰ ਕਰਕੇ ਬੇਗਮ ਨੂੰ ਉਰਾਰ ਮੰਗਵਾ ਲਿਆ ਤੇ ਵੱਖਰੇ ਤੰਬੂ ਵਿੱਚ ਕੈਦ ਕਰ ਲਿਆ। ਬਾਦਸ਼ਾਹ ਨੂੰ ਖੁਸ਼ ਕਰ ਕੇ ਯਾ ਨਸ਼ਾ ਪਿਆਲ ਕੇ ਉਸ ਦੀ ਮਰਜ਼ੀ ਦੇ ਉਲਟ ਜ਼ੋਰ ਪਾ ਕੇ ਮਲਕਾ ਦੇ ਕਤਲ ਦਾ ਹੁਕਮ ਲਿਖਵਾ ਲਿਆ। ਜੁਰਮ ਇਹ ਬਣਵਾਇਆ ਕਿ ਮਲਕਾ ਨੇ ਬਾਦਸ਼ਾਹ ਦੀ ਹੁਕਮ ਅਦੂਲੀ ਕਰਕੇ ਬੇਸ਼ੁਮਾਰ ਬੰਦਿਆਂ ਦੀ ਜਾਨ ਮਰਵਾ ਦਿੱਤੀ। ਹਰਮ ਸਰਾ ਵਿੱਚ ਜਾ ਕੇ ਖਾਜਾ ਸਰਾ ਦੀ ਜ਼ਬਾਨੀ ਮਲਕਾ ਨੂੰ ਮੌਤ ਦਾ ਹੁਕਮ ਸੁਣਾਇਆ। ਨੂਰ ਜਹਾਂ ਨੂੰ ਬੜਾ ਫ਼ਿਕਰ ਪੈ ਗਿਆ। ਪਰ ਫੇਰ ਭੀ ਬੜੇ ਹੌਸਲੇ



Digitized by Panjab Digital Library | www.panjabdigilib.org

ਨਾਲ ਜਵਾਬ ਦਿੱਤਾ, "ਜੇ ਮੇਰੇ ਮਾਲਕ ਦਾ ਏਹੋ ਹੁਕਮ ਹੈ ਤਾਂ ਐਸਾ ਮਰਨਾ ਹਜ਼ਾਰ ਜੀਉਣ ਨਾਲੋਂ ਚੰਗਾ ਹੈ, ਇੱਕ ਵੇਰੀਂ ਉਸ ਦਾ ਦਰਸ਼ਨ ਤਾਂ ਕਰਵਾ ਦਿਓ।" ਮਹਾਬਤ ਨੇ ਬੜੀ ਹੀਲ ਹੁਜਤ ਨਾਲ ਮੰਨ ਤਾਂ ਲਿਆ ਪਰ ਨਾਲ ਇਹ ਸ਼ਰਤ ਲਗਾ ਲਈ ਕਿ ਮੁਲਾਕਾਤ ਮੇਰੇ ਸਾਹਮਣੇ ਹੋਵੇਗੀ।

ਕੁਦਰਤ ਰੱਬ ਦੀ ਕਿ ਉਹ ਨੂਰ ਜਹਾਂ ਜਿਸ ਦੇ ਅੱਗੋਂ ਦੀ ਪੰਜ ਹਜ਼ਾਰੀ ਤੇ ਸੱਤ ਹਜ਼ਾਰੀ ਸਰਦਾਰ ਸਿਰੋਪਾਉ ਲੈ ਕੇ ਧੌਣ ਝੁਕਾਈ ਲੰਘਦੇ ਸਨ ਅੱਜ ਇਕ ਵਹਿਸ਼ੀ ਦੇ ਵੱਸ ਪੈ ਗਈ। ਮੈਲੇ ਕੁਚੈਲੇ ਕੱਪੜੇ, ਖਿੱਲਰੇ ਹੋਏ ਵਾਲ, ਹੱਥੀਂ ਸੋਨੇ ਦੀਆਂ ਹੱਥ-ਕੜੀਆਂ ਤੇ ਪੈਰੀਂ ਬੇੜੀਆਂ, ਹਸਰਤ ਤੇ ਨਿਰਾਸ਼ਾ ਦੀ ਤਸਵੀਰ ਬਣ ਕੇ ਬਾਦਸ਼ਾਹ ਦੇ ਪੇਸ਼ ਹੋ ਗਈ। ਇਹ ਵੇਖ ਕੇ ਬਾਦਸ਼ਾਹ ਦੀਆਂ ਭੁੱਬਾਂ ਨਿਕਲ ਗਈਆਂ ਤੇ ਜੋਸ਼ ਵਿੱਚ ਆਕੇ ਬੋਲਿਆ, "ਮਹਾਬਤ ਖਾਂ! ਤੂੰ ਇਸ ਔਰਤ ਨਾਲ ਬਦਸਲੂਕੀ ਕਰਕੇ ਨਾ ਮੇਰੇ ਨਾਲ ਇਨਸਾਫ਼ ਕੀਤਾ ਤੇ ਨਾਂ ਰਾਜ ਦਰਬਾਰ ਨਾਲ ਕੋਈ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ। ਇਸ ਦੇ ਜੀਉਣ ਨਾਲ ਤਾਂ ਮੇਰੀ ਦੁਨੀਆਂ ਵੱਸ ਰਹੀ ਹੈ। ਤੂੰ ਇਸ ਨੂੰ ਉਜਾੜ ਕੇ ਮੇਰੀ ਮੌਤ ਨੂੰ ਨੇੜੇ ਲਿਆ ਰਿਹਾ ਹੈਂ। ਮੈਂ ਏਸ ਨਜ਼ਾਰੇ ਨੂੰ ਹੋਰ ਨਹੀਂ ਸਹਾਰ ਸਕਦਾ, ਪਰ ਇਹ ਗੱਲ ਸੋਚ ਲੈ, ਤੇਰੀ ਏਸ ਹਰਕਤ ਦਾ ਅੰਤ ਕੀ ਹੋਵੇਗਾ? ਆਗਰੇ ਦਾ ਤਖ਼ਤ ਤਾਂ ਤੇਰੇ ਹੱਥ ਆ ਨਹੀਂ ਜਾਣਾ ਪਰ ਦੁਨੀਆਂ ਵਿੱਚ ਜਿੰਨਾਂ ਘੱਟਾ ਪਏਗਾ ਸਭ ਤੇਰੇ ਸਿਰ ਪਏਗਾ। ਤੂੰ ਮੇਰੇ ਪਾਸੋਂ ਇਲਾਕਾ ਮੰਗਦੋਂ, ਜਾਗੀਰ ਮੰਗਦੋਂ ਤਾਂ ਕੋਈ ਗੱਲ ਸੀ ਪਰ ਇਸ ਤਰ੍ਹਾਂ ਮਜਬੂਰ ਕਰ ਕੇ ਤੂੰ ਸਾਰੀ ਮੁਗਲ ਸਲਤਨਤ ਨਾਲ ਵੈਰ ਸਹੇੜ ਲਏਂਗਾ। ਹੁਣ ਵੀ ਏਹੋ ਬਿਹਤਰ ਹੈ ਕਿ ਮਲਕਾ ਪਾਸੋਂ ਇਸ ਅਪਮਾਨ ਦੀ



Digitized by Panjab Digital Library | www.panjabdigilib.org

ਮੁਆਫ਼ੀ ਮੰਗ ਲੈ ਤੇ ਮਲਕਾ ਪਾਸੋਂ ਜੇ ਕੋਈ ਵਧੀਕੀ ਤੇਰੇ ਨਾਲ ਹੋਈ ਹੈ ਤਾਂ ਮੇਰੇ ਕਹਿਣ ਤੇ ਉਸ ਨੂੰ ਮੁਆਫ਼ ਕਰ ਦੇ। ਮਹਾਬਤ ਭੀ ਮਲਕਾ ਦੀ ਬੇਹੁਰਮਤੀ ਹੀ ਕਰਨਾ ਚਾਹੁੰਦਾ ਸੀ। ਆਖਰ ਸੁਲਹ ਸਫ਼ਾਈ ਹੋ ਗਈ।

ਆਸਫ਼ ਜਾਹ ਨੂੰ ਜਦ ਖ਼ਬਰ ਮਿਲੀ ਕਿ ਮਹਾਬਤ ਖਾਂ ਨਾਲ ਸੁਲਹ ਹੋ ਗਈ ਹੈ ਤੇ ਬਾਦਸ਼ਾਹ ਨੂੰ ਉਸ ਨੇ ਮੇਰੇ ਵਲੋਂ ਨਰਾਜ਼ ਕਰ ਛੱਡਿਆ ਹੈ ਤਦ ਇਸ ਡਰ ਨਾਲ ਕਿ ਮਹਾਬਤ ਖਾਂ ਮੇਰੇ ਪਾਸੋਂ ਜ਼ਰੂਰ ਬਦਲਾ ਲਏਗਾ, ਆਸਫ਼ ਜਾਹ ਨੇ ਇਹੋ ਬਿਹਤਰੀ ਸਮਝੀ ਕਿ ਆਪਣੀ ਜਾਗੀਰ ਉੱਤੇ ਅਟਕ ਵੱਲ ਦੌੜ ਜਾਏ। ਮਹਾਬਤ ਖਾਂ ਦੀ ਇੱਕ ਅੱਖ ਬਾਦਸ਼ਾਹ ਉੱਤੇ ਸੀ ਤੇ ਦੂਜੀ ਅੱਖ ਨੂਰ ਜਹਾਂ ਤੇ ਆਸਫ਼ ਜਾਹ ਉੱਤੇ ਸੀ। ਬਾਦਸ਼ਾਹੀ ਫੌਜ ਦੇ ਕੁਝ ਆਦਮੀ ਦਰਿਆ ਵਿੱਚ ਡੁਬ ਗਏ, ਕੁਝ ਰਾਜਪੂਤਾਂ ਹੱਥੋਂ ਮਾਰੇ ਗਏ। ਕਬਜ਼ਾ ਤੇ ਹੁਕਮ ਹਾਸਲ ਮਹਾਬਤ ਖਾਂ ਦਾ ਸੀ। ਬਾਦਸ਼ਾਹ ਤੇ ਮਲਕਾ ਬਿਲਕੁਲ ਬੇਤਾਕਤ ਸਨ। ਜਦ ਲਸ਼ਕਰ ਅਟਕ ਪਾਸੋਂ ਲੰਘਿਆ ਤਾਂ ਆਸਫ਼ ਜਾਹ ਕਿਲਾ ਬੰਦ ਕਰਕੇ ਅੰਦਰ ਬੈਠਾ ਹੋਇਆ ਸੀ। ਜਿਹੜੇ ਥੋੜੇ ਜਿਹੇ ਬੰਦੇ ਉਸ ਦੇ ਨਾਲ ਆਏ ਓਹ ਸ਼ਾਹੀ ਲਸ਼ਕਰ ਨਾਲ ਰਲ ਗਏ। ਹੁਣ ਮਹਾਬਤ ਖਾਂ ਲਈ ਆਸਫ਼ ਜਾਹ ਨੂੰ ਫੜਨਾ ਹੋਰ ਭੀ ਸੁਖਾਲਾ ਹੋ ਗਿਆ। ਥੋੜ੍ਹੀ ਜਿਹੀ ਮਿਹਨਤ ਨਾਲ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਤੇ ਆਸਫ਼ ਜਾਹ, ਉਸ ਦੇ ਪੁੱਤਰ ਅਬੂ ਤਾਲਬ ਤੇ ਦਾਨੀਆਲ ਦੇ ਦੋ ਪੁੱਤਰਾਂ ਤਹਿਮੂਰਸ ਤੇ ਹੋਸ਼ੰਗ ਨੂੰ ਕੈਦ ਕਰ ਕੇ ਕਾਬਲ ਵੱਲ ਤੁਰ ਪਿਆ।



Digitized by Panjab Digital Library | www.panjabdigilib.org

# ੧੬. ਕਾਬਲ ਵਿੱਚ

ਕਾਬਲ ਪਹੁੰਚਕੇ ਵੀ ਮਹਾਬਤ ਖਾਂ ਦਾ ਜ਼ੋਰ ਉਸੇ ਤਰ੍ਹਾਂ ਦਾ ਸੀ। ਬਾਦਸ਼ਾਹ ਨਜ਼ਰ ਬੰਦ, ਨੂਰ ਜਹਾਂ ਦੀ ਰਾਖੀ ਤੇ ਆਸਫ਼ ਜਾਹ ਪੁੱਤਰ ਸਮੇਤ ਕੈਦ ਸੀ। ਕਿਸੇ ਦੀ ਸਿਆਣਪ ਕੰਮ ਨਹੀਂ ਕਰਦੀ ਸੀ ਪਰ ਨੂਰ ਜਹਾਂ ਹੱਥ ਤੇ ਹੱਥ ਧਰ ਕੇ ਬਹਿਣ ਵਾਲੀ ਨਹੀਂ ਸੀ। ਹਰ ਵੇਲੇ ਬਾਦਸ਼ਾਹ ਨੂੰ ਮਹਾਬਤ ਦੇ ਪੰਜੇ ਵਿਚੋਂ ਛੁਡਾਉਣ ਲਈ ਤਦਬੀਰਾਂ ਸੋਚ ਰਹੀ ਸੀ। ਉਸ ਵੇਲੇ ਬਾਦਸ਼ਾਹ ਨੇ ਤਾਂ ਇਹ ਨੀਤੀ ਅਖਤਿਆਰ ਕੀਤੀ ਕਿ ਮਹਾਬਤ ਖਾਂ ਦੇ ਵਿਰੁੱਧ ਉਸ ਨੂੰ ਕੋਈ ਸ਼ਕਾਇਤ ਨਹੀਂ। ਪੂਰਾ ਆਰਾਮ ਦੇ ਰਿਹਾ ਹੈ ਤੇ ਉਸ ਤੋਂ ਅਲੱਗ ਰਹਿਣਾ ਨਹੀਂ ਚਾਹੁੰਦਾ। ਇਸ ਦਾ ਫਲ ਇਹ ਹੋਇਆ ਕਿ ਬਾਦਸ਼ਾਹ ਹਰ ਰੋਜ਼ ਸ਼ਿਕਾਰ ਕਰਦਾ ਸੀ। ਪੀਰਾਂ ਫ਼ਕੀਰਾਂ ਦੀ ਜ਼ਿਆਰਤ ਵੀ ਕਰਦਾ ਸੀ, ਤੇ ਨੂਰ ਜਹਾਂ ਨੂੰ ਭੀ ਮਿਲ ਸਕਦਾ ਸੀ। ਮਹਾਬਤ ਖਾਂ ਦਾ ਵਰਤਾਰਾ ਬਹੁਤ ਅੱਛਾ ਸੀ ਪਰ ਆਪਣੇ ਕਬਜ਼ੇ ਨੂੰ ਢਿੱਲਾ ਵੀ ਨਹੀਂ ਛੱਡਦਾ ਸੀ।

ਦੂਸਰੇ ਪਾਸੇ ਨੂਰ ਜਹਾਂ ਨੇ ਅਹਿਦੀ ਲੋਕਾਂ ਦੀ ਅੰਦਰ ਖ਼ਾਨੇ ਭਰਤੀ ਸ਼ੁਰੂ ਕਰ ਦਿੱਤੀ, ਨਾਲੇ ਕਾਬਲੀ ਲੋਕਾਂ ਦੇ ਦਿਲ ਵਿੱਚ ਰਾਜਪੂਤਾਂ ਬਾਰੇ ਨਫ਼ਰਤ ਪੈਦਾ ਹੋ ਗਈ। ਇਕ ਪਾਸੇ ਮਹਾਬਤ ਖਾਂ ਦੀ ਹਮਾਇਤ ਨਾਲ ਰਾਜਪੂਤਾਂ ਦੀ ਮਿਜਾਜ਼ ਦਾ ਪਾਰਾ ਚੜ੍ਹਿਆ ਹੋਇਆ ਸੀ ਤੇ ਇੱਕ ਵੇਲਾ ਐਸਾ ਆ ਗਿਆ ਕਿ ਕਾਬਲੀ ਪਠਾਣਾਂ ਨਾਲ ਉਨ੍ਹਾਂ ਦੀ ਗਾਲ ਦੁੱਪੜ ਤੇ ਹੱਥੋ ਪਾਈ ਹੋ ਪਈ, ਮਾਰ ਕੁਟਾਈ ਵੀ ਹੋਈ। ਅਹਿਦੀਆਂ ਨੇ ਰਾਜਪੂਤਾਂ ਦੀ ਸ਼ਿਕਾਇਤ ਮਹਾਬਤ ਖਾਂ ਪਾਸ ਕੀਤੀ। ਪਰ ਉਸ ਨੇ ਪਰਵਾਹ ਨਾ ਕੀਤੀ। ਇੱਕ ਰਾਤ ਅਹਿਦੀਆਂ ਨੇ ਬੈਠ ਕੇ ਮਤਾ ਪਕਾਇਆ



Digitized by Panjab Digital Library | www.panjabdigilib.org

ਕਿ ਰਾਜਪੂਤਾਂ ਦੀ ਖ਼ੂਬ ਚੰਗੀ ਤਰ੍ਹਾਂ ਖੁੰਬ ਠੱਪੀ ਜਾਏ । ਅਗਲੇ ਦਿਨ ਪਠਾਣ ਰਾਜਪੂਤਾਂ ਉੱਤੇ ਟੁੱਟ ਕੇ ਆ ਪਏ । ਕੁਝ ਮਾਰੇ ਗਏ ਤੇ ਕੁਝ ਹਿੰਦੂਕੁਸ਼ ਪਹਾੜ ਤੋਂ ਪਾਰ ਲਿਜਾਕੇ ਗ਼ੁਲਾਮਾਂ ਵਾਂਗ ਵੇਚੇ ਗਏ । ਭਾਵੇਂ ਵੇਖਣ ਨੂੰ ਮਹਾਬਤ ਖਾਂ ਦਾ ਜ਼ੋਰ ਮੌਜੂਦ ਸੀ ਪਰ ਅਸਲ ਵਿੱਚ ਇਹ ਕਾਠ ਦੀ ਹਾਂਡੀ ਸੜ ਚੁੱਕੀ ਸੀ । ਉਸ ਦੇ ਵਫ਼ਾਦਾਰ ਗਿਣਤੀ ਦੇ ਹੀ ਰਹਿ ਗਏ ਸਨ । ਪਰ ਨੂਰ ਜਹਾਂ ਦੀ ਫੌਜ ਦੇ ਆਦਮੀ ਦਿਨੋ ਦਿਨ ਵਧਦੇ ਹੀ ਜਾ ਰਹੇ ਸਨ । ਮਹਾਬਤ ਅਹਿਦੀਆਂ ਤੋਂ ਡਰਦਾ ਖੁਲ੍ਹਮਖੁਲ੍ਹਾ ਬਾਹਰ ਵੀ ਨਹੀਂ ਸੀ ਨਿਕਲਦਾ ।

## ੧੭. ਕਾਬਲ ਤੋਂ ਲਾਹੌਰ ਨੂੰ

ਜਿਸ ਵੇਲੇ ਨੂਰ ਜਹਾਂ ਨੇ ਆਪਣੀ ਤਾਕਤ ਨੂੰ ਪੱਕਿਆਂ ਕਰ ਲਿਆ ਤੇ ਸਾਰੇ ਅਹਿਲਕਾਰਾਂ ਤੇ ਸ਼ਰੀਫ਼ ਲੋਕਾਂ ਨੂੰ ਆਪਣੀ ਵੱਲ ਦਾ ਬਣਾ ਲਿਆ, ਤਦ ਬਾਦਸ਼ਾਹ ਵੱਲੋਂ ਲਾਹੌਰ ਵੱਲ ਕੂਚ ਦਾ ਹੁਕਮ ਜਾਰੀ ਕਰਵਾ ਦਿੱਤਾ । ਨੂਰ ਜਹਾਂ ਨੇ ਹੋਰ ਸਿਆਣਪ ਵੀ ਕੀਤੀ ਕਿ ਹੁਸ਼ਿਆਰ ਖਾਂ ਨੂੰ ਲਾਹੌਰ ਵੱਲ ਦੁੜਾ ਦਿੱਤਾ, ਕਿ ਪੰਜਾਬ ਵਿੱਚੋਂ ਵੀ ਦੋ ਕੁ ਹਜ਼ਾਰ ਦੀ ਫੌਜ ਹੋਰ ਭਰਤੀ ਕਰ ਕੇ ਸ਼ਾਹੀ ਫੌਜ ਨਾਲ ਮੇਲ ਦੇਵੇ । ਗੱਲ ਕੀ ਸੋਮਵਾਰ ਪਹਿਲੀ ਸ਼ਹਿਰ-ਯੂਰ ਸੰਨ ੧੬੨੬ ਈਸਵੀ ਨੂੰ ਸ਼ਾਹੀ ਲਸ਼ਕਰ ਬੜੀ ਸ਼ਾਨ ਸ਼ੌਕਤ ਨਾਲ ਕਾਬਲੋਂ ਬਾਹਰ ਨਿਕਲ ਪਿਆ ਤੇ ਬੜੇ ਆਰਾਮ ਨਾਲ ਮਜਲੋ ਮਜਲ ਕੋਈ ਡੇਢ ਮਹੀਨੇ ਵਿੱਚ ਰੁਹਤਾਸ ਦੇ ਕੋਲ ਪਹੁੰਚ ਗਿਆ । ਏਥੋਂ ਅਗਲੀ ਮਜਲ ਤੇ ਪਹੁੰਚ ਕੇ ਨੂਰ ਜਹਾਂ ਦੀ ਸੋਚੀ ਹੋਈ ਵਿਉਂਤ ਨੂੰ ਅਮਲੀ ਸੂਰਤ ਦੇਣ ਦਾ ਮੌਕਿਆ ਪੈਦਾ ਹੋ ਗਿਆ । ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਨਵੇਂ ਪੁਰਾਣੇ



Digitized by Panjab Digital Library | www.panjabdigilib.org

ਘੋੜ ਸਵਾਰ ਤੇ ਪੈਦਲ ਸਾਰੇ ਲਸ਼ਕਰੀ ਪਰੇਡ ਕਰਨ ਵਾਸਤੇ ਸ਼ਾਹੀ ਬਾਰਗਾਹ ਤੋਂ ਦੋ ਕਤਾਰਾਂ ਵਿੱਚ ਐਨੀ ਦੂਰ ਤਕ ਫੈਲ ਜਾਣ ਜਿੱਨੀ ਤਕ ਉਹ ਜਾ ਸਕੇ। ਨਾਲ ਹੀ ਬਾਦਸ਼ਾਹ ਨੇ ਆਪਣੇ ਖ਼ਾਸ ਇਤਬਾਰੀ ਬੁਲੰਦ ਖਾਂ ਨੂੰ ਮਹਾਬਤ ਖਾਂ ਦੇ ਪਾਸ ਭੇਜਿਆ ਕਿ ਅੱਜ ਬਾਦਸ਼ਾਹ ਮਲਕਾ ਨੂਰ ਜਹਾਂ ਦੀ ਫੌਜ ਦੀ ਪ੍ਰੇਡ ਦੇਖ ਰਿਹਾ ਹੈ, ਇਸ ਲਈ ਮਹਾਬਤ ਖਾਂ ਆਪਣੀ ਉਸ ਦਿਨ ਦੀ ਪ੍ਰੇਡ ਨੂੰ ਬੰਦ ਰੱਖੇ ਮਤੇ ਦੋ ਲਸ਼ਕਰੀਆਂ ਵਿੱਚ ਕੋਈ ਲੜਾਈ ਝਗੜਾ ਹੋ ਪਏ। ਬਾਦਸ਼ਾਹ ਨੇ ਦੂਸਰੀ ਵਾਰੀ ਖ੍ਵਾਜਾ ਅਬੁਲਹਸਨ ਦੀ ਜ਼ਬਾਨੀ ਬੜਾ ਜ਼ੋਰਦਾਰ ਹੁਕਮ ਭੇਜਿਆ ਕਿ ਮਹਾਬਤ ਖਾਂ ਜਾਣ ਬੁੱਝ ਕੇ ਕੋਈ ਲੜਾਈ ਮੁੱਲ ਨਾ ਲੈ ਬੈਠੇ। ਖ੍ਵਾਜਾ ਨੇ ਆਪਣੇ ਜ਼ੋਰਦਾਰ ਸ਼ਬਦਾਂ ਵਿੱਚ ਜਦ ਸ਼ਾਹੀ ਹੁਕਮ ਬੜੀ ਪਕਿਆਈ ਨਾਲ ਸੁਣਾਇਆ ਤਾਂ ਮਹਾਬਤ ਖਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਤੇ ਸਮਝ ਗਿਆ ਕਿ ਸੱਚ ਮੁਚ ਮਲਕਾ ਨੂਰ ਜਹਾਂ ਨੇ ਬਾਦਸ਼ਾਹੀ ਅਖ਼ਤਿਆਰ ਆਪਣੀ ਮੁੱਠ ਵਿੱਚ ਲੈ ਲਏ ਹਨ ਤੇ ਮਹਾਬਤ ਖਾਂ ਦੇ ਪਾਸ ਕੋਈ ਤਾਕਤ ਨਹੀਂ ਰਹੀ। ਅਸਲ ਅਰਥਾਂ ਵਿੱਚ ਉਸ ਦੀ ਸੌ ਦਿਹਾੜੇ ਦੀ ਹਕੂਮਤ ਖ਼ਤਮ ਹੋ ਚੁਕੀ ਹੈ।

ਮਹਾਬਤ ਖਾਂ ਨੇ ਸ਼ਾਹੀ ਹੁਕਮ ਨੂੰ ਮਨਜ਼ੂਰ ਤਾਂ ਕਰ ਲਿਆ ਪਰ ਅੰਦਰ ਖਾਨੇ ਉਸ ਨੇ ਆਪਣੀ ਜਾਨ ਬਚਾਣ ਦੀ ਕੀਤੀ, ਉਹ ਐਸੀ ਚਲਾਕੀ ਨਾਲ ਰਾਤੋ ਰਾਤ ਨਿਕਲ ਗਿਆ ਕਿ ਉਸ ਦਾ ਪਿੱਛਾ ਕਰਨ ਵਾਲੀ ਸ਼ਾਹੀ ਫੌਜ ਉਸ ਨੂੰ ਫੜ ਨਾ ਸਕੀ। ਉਹ ਆਪਣੇ ਨਾਲ ਅਟਕ ਵਾਲੇ ਚਾਰ ਕੈਦੀ ਤੇ ਆਪਣੇ ਖਾਸ ਖਾਸ ਸਾਥੀਆਂ ਨੂੰ ਵੀ ਨਾਲ ਲੈ ਗਿਆ। ਮਹਾਬਤ ਖਾਂ ਦੇ ਨੱਸ ਜਾਣ ਪਿਛੋਂ ਜਹਾਂਗੀਰ ਨੇ ਰੁਹਤਾਸ ਦੇ ਕਿਨਾਰੇ ਇੱਕ ਆਲੀਸ਼ਾਨ ਦਰਬਾਰ ਕਰ ਕੇ ਖੁਸ਼ੀ ਮਨਾਈ। ਨੂਰ ਜਹਾਂ ਦੀ



Digitized by Panjab Digital Library | www.panjabdigilib.org

ਹੁਸ਼ਿਆਰੀ ਨੇ ਕੈਦੀ ਬਾਦਸ਼ਾਹ ਨੂੰ ਇਸ ਮੁਸ਼ਕਲ ਵਿੱਚੋਂ ਆਜ਼ਾਦ ਕਰਵਾ ਦਿੱਤਾ ।

ਹੁਣ ਤਖ਼ਤ ਦੇ ਵਾਸਤੇ ਜ਼ਰੂਰੀ ਸੀ ਕਿ ਮਹਾਬਤ ਖਾਂ ਨੂੰ ਫੜਵਾਇਆ ਜਾਵੇ ਤੇ ਸ਼ਾਹੀ ਰਿਸ਼ਤੇਦਾਰਾਂ ਨੂੰ ਉਸ ਦੇ ਪੰਜੇ ਵਿੱਚੋਂ ਛੁਡਾਇਆ ਜਾਵੇ । ਨੂਰ ਜਹਾਂ ਨੇ ਇੱਕ ਬਾਦਸ਼ਾਹੀ ਹੁਕਮ ਅਫ਼ਜ਼ਲ ਖਾਂ ਦੀ ਹੱਥੀਂ ਮਹਾਬਤ ਖਾਂ ਨੂੰ ਭੇਜਿਆ ਕਿ ਚਾਰੇ ਕੈਦੀ (ਆਸਫ਼ ਖਾਂ, ਅਬੂ ਤਾਲਬ, ਤਹਿਮੂਰਸ, ਹੋਸ਼ੰਗ) ਤੇ ਲਸ਼ਕਰੀ ਫੌਰਨ ਛੱਡ ਦੇਵੇ ਤੇ ਆਪ ਠੱਟੇ ਵੱਲ ਨੂੰ ਸ਼ਾਹ ਜਹਾਨ ਪਾਸ ਚਲਾ ਜਾਵੇ । ਜੇਕਰ ਉਸ ਨੇ ਇਸ ਹੁਕਮ ਦੀ ਤਾਮੀਲ ਵਿੱਚ ਜ਼ਰਾ ਭੀ ਬੇ-ਪਰਵਾਹੀ ਕੀਤੀ ਤਾਂ ਸ਼ਾਹੀ ਲਸ਼ਕਰ ਉਸ ਦੇ ਮਗਰੇ ਮਗਰ ਆਇਆ ਸਮਝੇ ।

ਮਹਾਬਤ ਖਾਂ ਨੇ ਸ਼ਹਿਜ਼ਾਦਾ ਦਾਨਯਾਲ ਦੇ ਦੋ ਪੁਤਰਾਂ ਤੈਮੂਰਸ ਤੇ ਹੋਸ਼ੰਗ ਨੂੰ ਤਾਂ ਓਸੇ ਵੇਲੇ ਛੱਡ ਦਿੱਤਾ । ਪਰ ਆਸਫ਼ ਜਾਹ ਨੂੰ ਛੱਡਣ ਤੋਂ ਇਹ ਉਜ਼ਰ ਕੀਤਾ ਕਿ ਮਤੇ ਨੂਰ ਜਹਾਂ ਗੁਸੇ ਨਾਲ ਪਿੱਛੇ ਫੌਜ ਭੇਜ ਦੇਵੇ ਇਸ ਲਈ ਲਾਹੌਰ ਪਹੁੰਚਕੇ ਛੱਡ ਦੇਵੇਗਾ । ਨੂਰ ਜਹਾਂ ਨੇ ਫੇਰ ਅਫ਼ਜ਼ਲ ਖਾਂ ਦੀ ਮਾਰਫ਼ਤ ਹੁਕਮ ਭੇਜਿਆ ਕਿ ਆਸਫ਼ ਜਾਹ ਨੂੰ ਹੁਣੇ ਛੱਡ ਦੇਵੇ, ਨਹੀਂ ਤਾਂ ਨਤੀਜਾ ਬਹੁਤ ਖਰਾਬ ਹੋਵੇਗਾ । ਅਖੀਰ ਉਸ ਨੇ ਆਸਫ਼ ਜਾਹ ਨੂੰ ਸਵ੍ਹਾਂ ਸੁਗੰਦਾਂ ਲੈ ਕੇ ਛੱਡ ਦਿੱਤਾ, ਪਰ ਅਬੂ ਤਾਲਬ ਨੂੰ ਖਤਰੇ ਦੀ ਹੱਦ ਤੋਂ ਪਾਰ ਜਾ ਕੇ ਹੀ ਛੱਡਿਆ ।

ਜਦ ਬਾਦਸ਼ਾਹ ਲਾਹੌਰ ਵਿੱਚ ਆਇਆ ਤਾਂ ਮਹਿਕਮੇ ਵਿੱਚ ਬਹੁਤ ਸਾਰੀ ਅਦਲ ਬਦਲ ਕੀਤੀ ਗਈ । ਸਭ ਤੋਂ ਵਧੀਕ ਜ਼ਿਮੇਵਾਰੀ ਦਾ ਕੰਮ ਆਸਫ਼ ਜਾਹ ਦੇ ਹਵਾਲੇ ਕੀਤਾ ਗਿਆ । ਉਹ ਸ਼ਾਹੀ ਵਕੀਲ ਤੇ ਪੰਜਾਬ ਦਾ ਸੂਬੇਦਾਰ (ਗਵਰਨਰ) ਮੁਕੱਰਰ



Digitized by Panjab Digital Library | www.panjabdigilib.org

ਹੋਇਆ, ਅਤੇ ਹੋਰ ਸਾਰੇ ਅਹਿਲਕਾਰਾਂ ਨੂੰ, ਜਿਨ੍ਹਾਂ ਨੇ ਬਾਦਸ਼ਾਹ ਦੀ ਨਜ਼ਰਬੰਦੀ ਦੇ ਦਿਨਾਂ ਵਿੱਚ ਰਾਜ ਭਗਤੀ ਦਾ ਸਬੂਤ ਦਿੱਤਾ ਸੀ, ਕਈ ਉਹਦੇ ਵੰਡੇ ਗਏ। ਆਸਫ਼ ਜਾਹ ਉੱਤੇ ਐਨੀ ਸ਼ਾਹੀ ਮਿਹਰਬਾਨੀ ਹੁੰਦੀ ਦੇਖ ਕੇ ਭੀ ਨੂਰ ਜਹਾਂ ਨੇ ਮਨ ਮੈਲਾ ਨਹੀਂ ਕੀਤਾ। ਮਹਾਬਤ ਖਾਂ ਦੇ ਹੱਥੋਂ ਉਸ ਦੀ ਜਾਨ ਛੁਡਾਉਣ ਲਈ ਸਿਰੋਂ ਪਰੇ ਜ਼ੋਰ ਲਾਇਆ, ਨਹੀਂ ਤਾਂ ਬਾਦਸ਼ਾਹ ਦੀ ਤਬੀਅਤ ਪਹਿਲੇ ਹੀ ਆਸਫ਼ ਜਾਹ ਵੱਲੋਂ ਖੱਟੀ ਹੋ ਚੁਕੀ ਸੀ, ਕਿਉਂਕਿ ਉਸੇ ਦੀ ਗਲਤੀ ਨਾਲ ਮਹਾਬਤ ਖਾਂ ਨੂੰ ਸ਼ੈਤਾਨੀ ਕਰਨ ਦਾ ਮੌਕਾ ਮਿਲ ਗਿਆ ਸੀ। ਸ਼ਹਿਜ਼ਾਦਾ ਖ਼ੁੱਰਮ (ਸ਼ਾਹ ਜਹਾਨ) ਦੇ ਵਾਸਤੇ ਨੂਰ ਜਹਾਂ ਦੇ ਦਿਲ ਵਿੱਚ ਕੋਈ ਪਿਆਰ ਨਹੀਂ ਸੀ। ਆਸਫ਼ ਤਬਾਹ ਹੋ ਜਾਂਦਾ ਤਾਂ ਨੂਰ ਜਹਾਂ ਦੇ ਪੌਂ ਬਾਰਾਂ ਸਨ, ਪਰ ਇੱਕ ਔਰਤ ਦੇ ਖ਼ੂਨੀ ਸਾਕ ਦਾ ਜੀਉਂਦਾ ਜਾਗਦਾ ਸਬੂਤ ਸੀ, ਕਿ ਉਸ ਨੇ ਮਾਂ ਪਿਉ ਦੇ ਮਰਨ ਬਾਦ ਵੀ ਭਰਾ ਦੀ ਐਨੀ ਮਦਦ ਕੀਤੀ, ਪਰ ਏਸ ਭਰਾ ਦੀ ਕਰਤੂਤ ਦਾ ਪਤਾ ਅੱਗੇ ਚੱਲ ਕੇ ਲੱਗੇਗਾ।

## ੧੮. ਜਹਾਂਗੀਰ ਦੇ ਅੰਤਲੇ ਦਿਹਾੜੇ

ਮਹਾਬਤ ਖਾਂ ਦੇ ਪੰਜੇ ਵਿੱਚੋਂ ਖਲਾਸੀ ਪਾਉਣ ਦੇ ਬਾਦ ਬਾਦਸ਼ਾਹ ਨੂੰ ਲਾਹੌਰ ਦਾ ਗਰਮ ਹਵਾ ਪਾਣੀ ਮੁਆਫ਼ਕ ਨਾ ਆਇਆ, ਇਸ ਲਈ ਮਾਰਚ ਸੰਨ ੧੬੨੭ ਈਸਵੀ ਵਿੱਚ ਉਸ ਨੇ ਕਸ਼ਮੀਰ ਦੀ ਸੈਰ ਲਈ ਲਾਹੌਰ ਤੋਂ ਕੂਚ ਕੀਤਾ। ਉਸ ਵੇਲੇ ਉਸ ਦੇ ਨਾਲ ਨੂਰ ਜਹਾਂ, ਆਸਫ਼ ਜਾਹ, ਸ਼ਹਿਰਯਾਰ ਤੇ ਦਾਵਰ ਬਖ਼ਸ਼ ਦੇ ਸਿਵਾ ਹੋਰ ਵੀ ਕਾਫ਼ੀ ਅਹਿਲਕਾਰ ਤੇ ਫੌਜ ਸੀ। ਕਸ਼ਮੀਰ ਦੀ ਧਰਤੀ ਵਿੱਚ ਬਹੁਤ ਚੰਗਾ ਜਲ ਪੌਣ ਮਿਲ



Digitized by Panjab Digital Library | www.panjabdigilib.org

ਜਾਣ ਪਰ ਭੀ ਬਾਦਸ਼ਾਹ ਦੀ ਦਮੇਂ ਦੀ ਪੁਰਾਣੀ ਬਿਮਾਰੀ ਨੂੰ ਕੋਈ ਖਾਸ ਲਾਭ ਨਾ ਹੋਇਆ। ਹਰ ਵੇਲੇ ਸ਼ਾਹੀ ਹਕੀਮ ਦਵਾਵਾਂ ਨਾਲ ਰਾਜ਼ੀ ਕਰਨ ਵਿੱਚ ਰੁੱਝੇ ਰਹਿੰਦੇ ਸਨ। ਪਰ ਲਾਭ ਕੁਝ ਨਾ ਜਾਪੇ। ਜੇ ਚਾਰ ਦਿਨ ਆਰਾਮ ਦੇ ਲੰਘ ਗਏ ਤਾਂ ਪੰਜਵੇਂ ਦਿਨ ਫੇਰ ਉਹੋ ਹਾਲ ਹੋ ਜਾਣਾ। ਗੱਲ ਕੀ ਉਸ ਦੀ ਸਿਹਤ ਪੈਰੋ ਪੈਰ ਹੇਠਾਂ ਨੂੰ ਹੀ ਜਾ ਰਹੀ ਸੀ। ਭਾਵੇਂ ਹਕੀਮਾਂ ਨੇ ਅਫ਼ੀਮ ਭੀ ਲੁਆ ਦਿੱਤੀ ਸੀ, ਪਰ ਬੁਹੜੇ ਜਿਹੇ ਅੰਗੂਰੀ ਸ਼ਰਾਬ ਦੇ ਪਿਆਲੇ ਹੀ ਪਚਾ ਸਕਦਾ ਸੀ। ਘੋੜ ਸਵਾਰੀ ਉਸ ਵਾਸਤੇ ਮੁਸ਼ਕਲ ਹੋ ਗਈ ਸੀ, ਤੇ ਸਿਰਫ਼ ਪਾਲਕੀ ਵਿੱਚ ਹੀ ਬੈਠ ਸਕਦਾ ਸੀ।

ਇਨ੍ਹਾਂ ਦਿਨਾਂ ਵਿੱਚ ਹੀ ਸ਼ਹਿਜ਼ਾਦਾ ਸ਼ਹਿਰਯਾਰ ਨੂੰ ਵਾਲਚਰ ਦੀ ਬਿਮਾਰੀ ਨੇ ਐਨਾ ਜ਼ੋਰ ਪਾਇਆ ਕਿ ਸਿਰ ਦੇ ਸਾਰੇ ਵਾਲ ਝੜ ਗਏ। ਦਾੜ੍ਹੀ, ਮੁੱਛਾਂ, ਭਰਵੱਟੇ ਤੇ ਝਿੰਮਣੀਆਂ ਸਭ ਸ਼ਾਫ਼ ਹੋ ਕੇ ਟੁੰਡ ਮੁੰਡ ਹੋ ਗਿਆ। ਹਕੀਮਾਂ ਦਾ ਇਲਾਜ ਕੋਈ ਕਾਟ ਨਹੀਂ ਕਰਦਾ ਸੀ। ਅਖੀਰ ਉਨ੍ਹਾਂ ਨੇ ਸਲਾਹ ਦਿੱਤੀ ਕਿ ਕਸ਼ਮੀਰ ਦੀ ਸਰਦ ਹਵਾ ਨੂੰ ਛੱਡ ਕੇ ਲਾਹੌਰ ਚਲਾ ਜਾਵੇ। ਉਸ ਵੇਲੇ ਬਾਦਸ਼ਾਹ ਦੀ ਸਿਹਤ ਸਖਤ ਖ਼ਤਰੇ ਵਿੱਚ ਸੀ। ਮੁਨਾਸਬ ਸੀ ਕਿ ਸ਼ਹਿਰਯਾਰ ਉਸ ਦੇ ਪਾਸ ਹੀ ਰਹਿੰਦਾ ਤੇ ਨੂਰ ਜਹਾਂ ਭੀ ਆਪਣੇ ਧੀ ਜਵਾਈ ਨੂੰ ਆਪਣੀਆਂ ਅੱਖਾਂ ਉਹਲੇ ਨਹੀਂ ਸੀ ਕਰਨਾ ਚਾਹੁੰਦੀ। ਕਿਉਂਕਿ ਦਾਵਰ ਬਖ਼ਸ਼ ਖਿਸਰੋ ਦਾ ਪੁੱਤਰ ਉਸੇ ਦੀ ਕੈਦ ਵਿੱਚ ਰੱਖਿਆ ਹੋਇਆ ਸੀ। ਅਖੀਰ ਉਸ ਦੇ ਜ਼ਿਦ ਕਰਨ ਉੱਤੇ ਕੈਦੀ ਨੂੰ ਇਰਾਦਤ ਖਾਂ ਦੇ ਸਪੁਰਦ ਕਰਕੇ ਸ਼ਹਿਰਯਾਰ ਨੂੰ ਲਾਹੌਰ ਵੱਲ ਤੋਰ ਦਿੱਤਾ।

ਇਸ ਦੇ ਥੋੜਾ ਚਿਰ ਬਾਦ ਬਾਦਸ਼ਾਹ ਨੇ ਭੀ ਲਾਹੌਰ



Digitized by Panjab Digital Library | www.panjabdigilib.org

ਜਾਣ ਦੀ ਤਿਆਰੀ ਕਰ ਲਈ। ਜਿਸ ਵੇਲੇ ਉਸ ਦੀ ਪੁਰਾਣੀ ਸ਼ਿਕਾਰਗਾਹ (ਬੀੜ) ਬੈਰਮਕੱਲਾ ਪਹੁੰਚੇ ਤਾਂ ਬਦਕਿਸਮਤੀ ਨਾਲ ਇੱਕ ਐਸੀ ਭੈੜੀ ਘਟਨਾ ਪੇਸ਼ ਆ ਗਈ ਜੋ ਬਾਦਸ਼ਾਹ ਦੀ ਤੰਦਰੁਸਤੀ ਦੇ ਵਾਸਤੇ ਬੜਾ ਅਪਸ਼ਗਨ ਸਾਬਤ ਹੋਇਆ। ਉਹ ਇੱਕ ਪਹਾੜੀ ਉੱਤੇ ਬੈਠ ਕੇ ਹਰਨਾਂ ਦੇ ਨਿਸ਼ਾਨੇ ਫੁੰਡ ਰਿਹਾ ਸੀ ਕਿ ਅਚਾਨਕ ਇੱਕ ਮੁੰਡਾ, ਜੋ ਹਰਨਾਂ ਨੂੰ ਸਾਹਮਣੇ ਲਿਆ ਕੇ ਖਲ੍ਹਿਆਰ ਰਿਹਾ ਸੀ, ਪੈਰ ਖਿਸਕ ਕੇ ਖੱਡ ਵਿੱਚ ਰਿੜ੍ਹ ਗਿਆ ਤੇ ਰਾਹ ਵਿੱਚ ਹੀ ਮਰ ਗਿਆ। ਇਸ ਦਰਦਨਾਕ ਨਜ਼ਾਰੇ ਨੇ ਬਾਦਸ਼ਾਹ ਦੇ ਦਿਲ ਉੱਤੇ ਐਸੀ ਚੋਟ ਲਾਈ ਕਿ ਤਬੀਅਤ ਬਹੁਤ ਹੀ ਖ਼ਰਾਬ ਹੋ ਗਈ। ਮਰਨ ਵਾਲੇ ਮੁੰਡੇ ਦੀ ਮਾਂ ਨੂੰ ਸਦਵਾ ਕੇ ਬਹੁਤ ਸਾਰਾ ਰੁਪਯਾ ਦਿੱਤਾ, ਪਰ ਸਿਹਤ ਦਰੁਸਤ ਨਾ ਹੋਈ। ਉਸ ਨੂੰ ਖਿਆਲ ਬੱਝ ਗਿਆ ਕਿ ਮੁੰਡੇ ਦੀ ਮੌਤ ਮੇਰੀ ਮੌਤ ਦਾ ਸੱਦਾ ਲੈ ਕੇ ਆਈ ਸੀ। ਉਸ ਤੋਂ ਬਾਦ ਨਾ ਉਸ ਨੂੰ ਪਲ ਭਰ ਲਈ ਚੈਨ ਆਇਆ ਤੇ ਨਾ ਹੀ ਨੀਂਦ ਭਰ ਕੇ ਸਉਂ ਸੱਕਿਆ।

ਅਗਲੇ ਦਿਨ ਸ਼ਾਹੀ ਕੈਂਪ ਥਾਨੇ ਆ ਗਿਆ। ਇਸ ਤੋਂ ਅਗਲਾ ਪੜਾ ਰਾਜੋਰੀ ਸੀ ਜੋ ਤਵੀ ਦੇ ਕੰਢੇ ਉੱਤੇ ਹੈ। ਸਤਾਈ ਸਫਰ ਸੰਨ ੧੦੩੭ ਹਿਜਰੀ ਦਿਨ ਢਲੇ ਅਗਲੇ ਪੜਾ ਚੰਗੇਜ਼ ਹਾਟਲੀ, (ਭਿੰਬਰ ਦੇ ਨੇੜੇ) ਵੱਲ ਤੁਰੇ। ਰਸਤੇ ਵਿੱਚ ਬਾਦਸ਼ਾਹ ਦੀ ਹਾਲਤ ਭੈੜੀ ਤੋਂ ਭੈੜੀ ਹੁੰਦੀ ਗਈ, ਤੇ ਮੌਤ ਦੀਆਂ ਨਿਸ਼ਾਨੀਆਂ ਜ਼ਾਹਰ ਹੋਣ ਲੱਗ ਪਈਆਂ। ਉਸ ਨੇ ਸ਼ਰਾਬ ਦਾ ਪਿਆਲਾ ਮੰਗਿਆ, ਪਿਆਲਾ ਬੁੱਲਾਂ ਅੱਗੇ ਲਿਆਂਦਾ ਗਿਆ, ਪਰ ਅੰਦਰ ਨਾ ਜਾ ਸੱਕਿਆ। ਰਾਤ ਨੂੰ ਹਾਲਤ ਹੋਰ ਵਿਗੜਦੀ ਗਈ, ਤੇ ਅਖੀਰ ਰਾਤ ਦੇ ਆਖਰੀ



Digitized by Panjab Digital Library | www.panjabdigilib.org

ਦਮਾਂ ਦੇ ਨਾਲ ਹੀ ਬਾਦਸ਼ਾਹ ਦੇ ਦਮ ਭੀ ਬਰਾਬਰ ਹੋ ਗਏ। ਇਹ ਦਿਨ ੨੮ ਅਕਤੂਬਰ ਸੰਨ ੧੬੨੭ ਈਸਵੀ ਦਾ ਸੀ।

ਇਸ ਵੇਲੇ ਬਾਦਸ਼ਾਹ ਦੀ ਉਮਰ ੫੮ ਸਾਲ ਤੇ ਹਿਜਰੀ ਸੰਨ ਦੇ ਹਿਸਾਬ ਨਾਲ ੬੦ ਸਾਲ ਦੀ ਸੀ। ਉਸ ਨੇ ੨੧ ਸਾਲ ੮ ਮਹੀਨੇ ੪ ਦਿਨ ਬਾਦਸ਼ਾਹੀ ਕਰ ਕੇ ਦੁਨੀਆਂ ਛੱਡੀ।

ਤਾਰੀਖ ਹੋਈ, "ਜਹਾਂਗੀਰ ਅਜ਼ ਜਹਾਂ ਰਫ਼ਤ"।

## ੧੯. ਨੂਰ ਜਹਾਂ ਦਾ ਦੂਜਾ ਰੰਡੇਪਾ

ਨੂਰ ਜਹਾਂ ਵਾਸਤੇ ਆਸਮਾਨ ਟੁੱਟ ਪਿਆ। ਦੁਨੀਆ ਹਨੇਰੀ ਹੋ ਗਈ। ਹੁਣ ਤੋਂ ਇੱਕ ਪਹਿਰ ਪਹਿਲਾਂ ਉਹ ਸਾਰੇ ਹਿੰਦੁਸਤਾਨ ਉੱਤੇ ਹਕੂਮਤ ਕਰ ਰਹੀ ਸੀ, ਇੱਕ ਜਹਾਂਗੀਰ ਦੀ ਜਿੰਦ ਨਾਲ ਉਹ ਹਜ਼ਾਰ ਦਾਵ੍ਹਾ ਰੱਖਦੀ ਸੀ ਪਰ ਬਾਦਸ਼ਾਹ ਦੀ ਫੂਕ ਨਿਕਲ ਜਾਣ ਨਾਲ ਹਿੰਦੁਸਤਾਨ ਦੀ ਮਲਕਾ ਦਾ ਮੁੱਲ ਦੋ ਕੌਡੀ ਦਾ ਵੀ ਨਾ ਰਿਹਾ। ਨੂਰ ਜਹਾਂ ਆਪਣਾ ਮਾਤਮੀ ਵੇਸ ਬਣਾ ਰਹੀ ਸੀ, ਸਿਰ ਦੇ ਵਾਲ ਖੋਹ ਰਹੀ ਸੀ ਤੇ ਓਧਰੋਂ ਆਸਫ਼ ਜਾਹ ਤਾਜ ਤਖ਼ਤ ਉੱਤੇ ਕਬਜ਼ਾ ਕਰਨ ਦੀ ਗੋਂਦ ਗੁੰਦ ਰਿਹਾ ਸੀ। ਬਾਦਸ਼ਾਹ ਦੀ ਬੀਮਾਰੀ ਵੇਲੇ ਉਸ ਨੇ ਬਹੁਤ ਕੁਝ ਸੋਚ ਰੱਖਿਆ ਸੀ। ਹੁਣ ਉਸ ਨੂੰ ਅਮਲੀ ਸੂਰਤ ਦੇਣ ਦਾ ਅਵਸਰ ਮਿਲ ਗਿਆ।

ਬਦਕਿਸਮਤੀ ਨਾਲ ਸ਼ਹਿਰਯਾਰ ਵੀ ਪਾਸ ਨਹੀਂ ਸੀ। ਨੂਰ ਜਹਾਂ ਨੇ ਤਰਲਾ ਤਾਂ ਬੜਾ ਕੀਤਾ ਕਿ ਕਿਸੇ ਤਰ੍ਹਾਂ ਆਸਫ਼ ਜਾਹ ਨੂੰ ਸ਼ਹਿਰਯਾਰ ਦੇ ਹੱਕ ਵਿੱਚ ਮਨਾ ਲਵੇ ਪਰ ਉਸ ਨੂੰ ਆਪਣੇ ਜਵਾਈ ਨੂੰ ਬਾਦਸ਼ਾਹ ਬਣਾਉਣ ਦਾ ਖਿਆਲ ਸੀ।



Panjab Digital Library | www.pa

ਭੇਣ ਦੀ ਦਰਖਾਸਤ ਦਾ ਅਸਰ ਤਾਂ ਕੀ ਹੋਣਾ ਸੀ ਸਗੋਂ ਨੂਰ ਜਹਾਂ ਨੂੰ ਨਜ਼ਰ ਬੰਦ ਕਰ ਕੇ ਆਸੇ ਪਾਸੇ ਪਹਿਰੇ ਖਲਿਹਾਰ ਦਿੱਤੇ। ਓਧਰੋਂ ਹਰਕਾਰਿਆਂ ਦੇ ਦਰੋਗੇ ਨੂੰ ਸੱਦ ਕੇ ਪੜਦੇ ਨਾਲ ਕਿਹਾ, ਕਿ ਕੋਈ ਐਸਾ ਹੁਸ਼ਿਆਰ ਤੇ ਇਤਬਾਰੀ ਹਰਕਾਰਾ ਹੈਦਰਾਬਾਦ ਦੱਖਣ ਵੱਲ ਤੋਰ, ਜਿਹੜਾ ਹੁਣੇ ਹਵਾ ਹੋ ਜਾਏ। ਇਹ ਮੇਰੀ ਅੰਗੂਠੀ ਸ਼ਹਿਜ਼ਾਦਾ ਖ਼ੁੱਰਮ ਨੂੰ ਦੇ ਦੇਵੇ ਤੇ ਬਾਦਸ਼ਾਹ ਦੇ ਮਰਨ ਦੀ ਖ਼ਬਰ ਪੁਚਾ ਦੇਵੇ । ਇੱਕ ਮੁਹਰ ਫ਼ੀ ਕੋਹ ਦਾ ਹਿਸਾਬ ਤਾਂ ਹੁਣੇ ਸਮਝਾ ਦਿਓ ਤੇ ਇਨਾਮ ਇਕਰਾਮ ਇਸ ਤੋਂ ਵੱਖਰਾ ਹੋਵੇਗਾ। ਮਹਿਤਾ ਬਨਾਰਸੀ ਦਾਸ ਹਰਕਾਰੇ ਨੇ ਦੋ ਮਹੀਨੇ ਦਾ ਸਫ਼ਰ ਵੀਹ ਦਿਨਾਂ ਵਿੱਚ ਮੁਕਾ ਕੇ ਅੰਗੂਠੀ ਪਹੁੰਚਾ ਦਿੱਤੀ। ਇਸ਼ਾਰੇ ਅੱਗੇ ਹੀ ਮੁਕੱਰਰ ਸਨ।

ਆਸਫ਼ ਜਾਹ ਨੇ ਤੀਜਾ ਜ਼ਰੂਰੀ ਕੰਮ ਇਹ ਕੀਤਾ, ਕਿ ਸਾਰੇ ਅਹਿਲਕਾਰਾਂ ਨੂੰ ਆਪਣੇ ਵੱਲ ਦਾ ਬਣਾ ਲਿਆ ਤੇ ਫੌਜਦਾਰ ਨੂੰ ਨੂਰ ਜਹਾਂ ਦੀ ਰਾਖੀ ਲਈ ਤਾਕੀਦ ਕਰ ਦਿੱਤੀ। ਉਸ ਦੇ ਬਾਦ ਆਸਫ਼ ਜਾਹ ਨੇ ਸ਼ਹਿਜ਼ਾਦਾ ਖਿਸਰੋ ਦੇ ਪੁੱਤਰ ਦਾਵਰ ਬਖ਼ਸ਼ ਨੂੰ ਰਸਮੀ ਤੌਰ ਤੇ ਤਖਤ ਤੇ ਬੈਠਾ ਦਿੱਤਾ । ਉਸ ਨੇ ਕੁਰਬਾਨੀ ਦਾ ਬੱਕਰਾ ਬਣਨ ਤੋਂ ਨਾਂਹ ਕਰ ਦਿੱਤੀ, ਪਰ ਆਸਫ਼ ਜਾਹ ਨੇ ਉਸ ਨੂੰ ਬਹੁਤ ਸਾਰੀਆਂ ਉਮੈਦਾਂ ਬਨ੍ਹਾ ਕੇ ਰਜ਼ਾਮੰਦ ਕਰ ਲਿਆ। ਇਹ ਸਾਰਾ ਕੰਮ ਇਕੋ ਦਿਨ ਵਿੱਚ ਹੋ ਗਿਆ। ਅਗਲੇ ਦਿਨ ਭਿੰਬਰ ਵਿੱਚ ਮੈਦਾਨੀ ਇਲਾਕੇ ਦੇ ਕੋਲ ਪਹੁੰਚ ਗਏ। ਏਥੇ ਦਾਵਰ ਬਖ਼ਸ਼ ਦੇ ਨਾਮ ਤੇ ਖ਼ੁਤਬਾ ਪੜ੍ਹਿਆ ਗਿਆ ਤੇ ਬਾਦਸ਼ਾਹ ਦੀ ਮਈਅਤ (ਲਾਸ਼) ਨੂੰ ਤਬੂਤ (ਸੰਦੂਕ) ਵਿੱਚ ਰੱਖ ਕੇ, ਫੌਜੀ ਦਸਤੇ ਦੀ ਨਿਗਰਾਨੀ ਵਿੱਚ ਲਾਹੌਰ ਵੱਲ ਤੋਰ ਦਿੱਤਾ ਗਿਆ। ਤਾਬੂਤ ਨੂੰ ਨੂਰ ਜਹਾਂ ਦੇ ਆਪਣੇ ਬਾਗ਼



Digitized by Panjab Digital Library | www.panjabdigilib.org

ਦਿਲਕੁਸ਼ਾ ਵਿੱਚ ਲਿਜਾਇਆ ਗਿਆ ਅਤੇ ਬਾਦਸ਼ਾਹ ਦੀ ਪਿਆਰੀ ਬੇਗਮ ਦੀ ਤਜਵੀਜ਼ ਮੂਜਬ ਜਗ੍ਹਾ ਦੇਖ ਕੇ ਦਫਨਾਇਆ ਗਿਆ। ਮੁਨਾਸਬ ਵੇਲਾ ਆਉਣ ਤੇ ਨੂਰ ਜਹਾਂ ਨੇ ਆਪਣੇ ਖਰਚ ਨਾਲ ਇੱਕ ਆਲੀਸ਼ਾਨ ਮਕਬਰਾ ਪਿਆਰੇ ਬਾਦਸ਼ਾਹ ਦਾ ਤਿਆਰ ਕਰਵਾ ਦਿੱਤਾ। ਇਹ ਮਕਬਰਾ ੬੦ ਏਕੜ ਜ਼ਮੀਨ ਦੇ ਘੇਰੇ ਉੱਤੇ ਇਕ ਖੂਬਸੂਰਤ ਬਾਗ਼ ਵਿੱਚ ਬਣਿਆ ਹੋਇਆ ਸੀ, ਜਿਸ ਦੀ ਫਸੀਲ ਹਰ ਪਾਸਿਓਂ ੫੪੦ ਗਜ਼ ਦੀ ਹੈ। ਇਹ ਮਕਬਰਾ ਬੜੇ ਵਧੀਆ ਸੰਗਮਰਮਰ ਨਾਲ ਬਣਾਇਆ ਗਿਆ ਸੀ। ਪਰ ਜੋ ਸ਼ਾਨ ਨੂਰ ਜਹਾਂ ਦੀਆਂ ਅੱਖਾਂ ਦੇ ਸਾਹਮਣੇ ਸੀ, ਪਿੱਛੋਂ ਕਾਇਮ ਨਾ ਰਹੀ। ਅੰਗ੍ਰੇਜ਼ੀ ਰਾਜ ਵਿੱਚ ਜੋ ਜੋ ਨੁਕਸ ਇਮਾਰਤ ਵਿੱਚ ਪਏ ਹੋਏ ਸਨ ਓਹ ਦੂਰ ਕਰ ਦਿੱਤੇ ਗਏ ਸਨ। ਹੁਣ ਭੀ ਮਕਬਰੇ ਦੀ ਸ਼ਾਨ ਕਾਫ਼ੀ ਸੁਹਣੀ ਹੈ।

## ੨੦. ਸ਼ਹਿਰਯਾਰ ਤੇ ਸ਼ਾਹੀ ਤਖ਼ਤ

ਜਹਾਂਗੀਰ ਨੂੰ ਆਰਾਮ ਦੀ ਨੀਂਦੇ ਸੁਆਉਣ ਤੋਂ ਪਹਿਲਾਂ ਲਾਹੌਰ ਵਿੱਚ ਤਲਵਾਰ ਵੀ ਕਾਫ਼ੀ ਚੱਲ ਚੁਕੀ ਸੀ, ਕਿਉਂਕਿ ਵਿਰਾਸਤ ਦਾ ਨਿਬੇੜਾ ਅਜੇ ਵਿੱਚੇ ਪਿਆ ਸੀ। ਨੂਰ ਜਹਾਂ ਤੇ ਨਜ਼ਰਬੰਦ ਸੀ, ਕਿਸੇ ਆਦਮੀ ਨਾਲ ਮਿਲਣ ਜੁਲਣ ਦਾ ਅਵਸਰ ਮਿਲ ਨਹੀਂ ਸੀ ਸਕਦਾ। ਸ਼ਾਹੀ ਲਸ਼ਕਰ ਦੇ ਆਉਣ ਤੋਂ ਬਹੁਤ ਪਹਿਲੇ ਸ਼ਹਿਰਯਾਰ ਆਪਣਾ ਇਲਾਜ ਕਰਾਉਣ ਵਾਸਤੇ ਲਾਹੌਰ ਅੱਪੜ ਗਿਆ ਹੋਇਆ ਸੀ। ਜਿਸ ਵੇਲੇ ਜਹਾਂਗੀਰ ਦੇ ਮਰਨ ਦੀ ਖਬਰ ਲਾਹੌਰ ਪਹੁੰਚੀ, ਤਾਂ ਸ਼ਹਿਰਯਾਰ ਨੇ ਆਪਣੇ ਆਪ ਨੂੰ ਤਖ਼ਤ ਦਾ ਵਾਰਸ ਥਾਪ ਲਿਆ। ਖ਼ਜ਼ਾਨੇ ਵਿੱਚੋਂ ਸੱਤਰ ਲੱਖ ਰੁਪਈਆ ਵੰਡ ਤੂੰਡ ਕੇ ਅਹਿਲਕਾਰਾਂ ਨੂੰ



Digitized by Panjab Digital Library | www.panjabdigilib.org

ਆਪਣੇ ਵੱਲ ਦਾ ਬਣਾ ਲਿਆ, ਤੇ ਕੁਝ ਫ਼ੌਜ ਵੀ ਇਕੱਠੀ ਕਰ ਲਈ। ਓਧਰੋਂ ਆਸਫ਼ ਜਾਹ ਲਸ਼ਕਰ ਸਮੇਤ ਬਾਦਸ਼ਾਹੀ ਤਾਬੂਤ ਨਾਲ ਲਾਹੌਰ ਵੱਲ ਆ ਰਿਹਾ ਸੀ। ਏਧਰੋਂ ਸ਼ਹਿਰਯਾਰ ਫ਼ੌਜ ਜੋੜ ਕੇ ਰਾਵੀਓਂ ਪਾਰ ਹੋ ਗਿਆ। ਦਰਿਆ ਤੋਂ ਤਿੰਨ ਮੀਲ ਦੀ ਵਿੱਥ ਤੇ ਟਾਕਰਾ ਹੋ ਪਿਆ। ਆਸਫ਼ ਜਾਹ ਤੇ ਦਾਵਰ ਬਖ਼ਸ਼ ਹਾਥੀਆਂ ਤੇ ਚੜ੍ਹਕੇ ਅੱਗੇ ਵਧੇ। ਸ਼ਹਿਰਯਾਰ ਨੇ ਹਿੰਮਤ ਬਥੇਰੀ ਕੀਤੀ, ਪਰ ਅਖੀਰ ਕਿਲੇ ਦੇ ਬੂਹੇ ਬੰਦ ਕਰ ਕੇ ਅੰਦਰ ਜਾ ਵੜਿਆ। ਸ਼ਾਹੀ ਫੌਜ ਨੇ ਘੇਰਾ ਪਾ ਕੇ ਰਾਤੋ ਰਾਤ ਐਸੀ ਚਾਲ ਚੱਲੀ ਕਿ ਦਿਨ ਚੜ੍ਹਦੇ ਨੂੰ ਸਾਰੀ ਫੌਜ ਕਿਲੇ ਦੇ ਅੰਦਰ ਦਾਖਲ ਹੋ ਗਈ। ਸ਼ਹਿਰਯਾਰ ਐਸਾ ਕਾਬੂ ਆਇਆ ਕਿ ਜ਼ਨਾਨਖਾਨੇ ਤੋਂ ਸਿਵਾ ਹੋਰ ਕੋਈ ਭੱਜਣ ਦਾ ਰਾਹ ਨਾ ਰਹਿ ਗਿਆ। ਦੁਸ਼ਮਣ ਵੀ ਬੇਖ਼ਬਰ ਨਹੀਂ ਸਨ। ਇਕ ਖ਼ਾਜਾ ਸਰਾ ਨੇ ਸੈਨਤ ਨਾਲ ਗ੍ਰਿਫ਼ਤਾਰ ਕਰਵਾ ਦਿੱਤਾ। ਅਖੀਰ ਦਾਵਰ ਬਖ਼ਸ਼ ਨੇ ਕੁਝ ਦਿਨ ਬਾਦ ਸ਼ਹਿਰਯਾਰ ਨੂੰ ਅੱਖੀਆਂ ਤੋਂ ਅੰਨ੍ਹਿਆਂ ਕਰਵਾ ਦਿੱਤਾ। ਜੇ ਨੂਰ ਜਹਾਂ ਆਜ਼ਾਦ ਹੁੰਦੀ ਜਾਂ ਲਸ਼ਕਰ ਦੇ ਨਾਲ ਹੁੰਦੀ ਤਾਂ ਖਬਰੇ ਕੋਈ ਮਦਦ ਸ਼ਹਿਰਯਾਰ ਦੀ ਕਰ ਸਕਦੀ, ਪਰ ਉਹ ਆਪ ਨਜ਼ਰਬੰਦੀ ਦੀ ਹਾਲਤ ਵਿੱਚ ਸੀ, ਤੇ ਸ਼ਾਹੀ ਫੌਜ ਇਕ ਦਿਨ ਪਹਿਲੇ ਹੀ ਲਾਹੌਰ ਅੱਪੜ ਚੁੱਕੀ ਸੀ। ਓਧਰੋਂ ਬਨਾਰਸੀ ਦਾਸ ਹਰਕਾਰੇ ਨੇ ਸ਼ਹਿਜ਼ਾਦਾ ਖ਼ੁੱਰਮ ਨੂੰ ਖਬਰ ਪਹੁੰਚਾਈ ਤਾਂ. ਉਹ ਦਿਨ ਰਾਤ ਇੱਕ ਕਰਕੇ ਆਗਰੇ ਪਹੁੰਚ ਗਿਆ। ਤਖਤ ਤੇ ਕਬਜ਼ਾ ਕਰਕੇ ਸ਼ਾਹੀ ਹੁਕਮ-ਨਾਮੇ ਸਾਰੇ ਇਲਾਕਿਆਂ ਵਿੱਚ ਭੇਜ ਦਿੱਤੇ। ਨਾਮ "ਸ਼ਹਾਬੁੱਦੀਨ ਸ਼ਾਹ ਜਹਾਂ" ਰੱਖਿਆ ਗਿਆ। ਦਾਖਲੇ ਦੀ ਤਰੀਕ ੨੬ ਜਮਾਦੀਉਲ ਅੱਵਲ ਸੰਨ ੧੬੨੭ ਈਸਵੀ ਸੀ।



Panjab Digital Library | www.pan

ਏਧਰੋਂ ਲਾਹੌਰ ਦੀ ਪਲ ਪਲ ਦੀ ਖਬਰ ਆਗਰੇ ਤੇ ਆਗਰੇ ਦੀ ਖਬਰ ਲਾਹੌਰ ਵਿੱਚ ਡਾਕ ਰਾਹੀਂ ਪਹੁੰਚ ਰਹੀ ਸੀ। ਸ਼ਾਹਜਹਾਨ ਨੇ ਆਸਫ਼ ਜਾਹ ਨੂੰ ਇਕ ਗੁੱਝਾ ਜਿਹਾ ਸ਼ਿਅਰ ਲਿਖਿਆ, ਜਿਸ ਦਾ ਭਾਵ ਇਹ ਸੀ ਕਿ ਜੋ ਕੀਤਾ ਜੇ, ਬਹੁਤ ਚੰਗਾ ਹੈ। ਹੁਣ ਮੁਨਾਸਬ ਏਹੋ ਹੈ ਕਿ ਤਖਤ ਦੇ ਕਿਸੇ ਵਾਰਸ ਨੂੰ ਜੀਉਂਦਾ ਨਾ ਛੱਡੋ; ਝਗੜਾ ਪੈਦਾ ਹੀ ਨਾ ਹੋਵੇ। ਇਹ ਇਸ਼ਾਰਾ ਪਾ ਕੇ ਆਸਫ ਜਾਹ ਨੇ ਸ਼ਹਿਰਯਾਰ, ਦਾਵਰ ਬਖਸ਼ ਤੇ ਦਾਨੀਆਲ ਦੇ ਦੋ ਪੁੱਤ੍ਰ—ਤੈਮੂਰਸ ਤੇ ਹੋਸ਼ੰਗ ਚੌਹਾਂ ਨੂੰ ਕਤਲ ਕਰਵਾ ਦਿੱਤਾ । ਨੂਰ ਜਹਾਂ ਤੇ ਭਰਾ ਦਾ ਇਹ ਦੂਜਾ ਅਹਿਸਾਨ ਸੀ।

## ੨੧. ਨੂਰ ਜਹਾਂ ਦਾ ਸੁਰਗਵਾਸ

ਨੂਰ ਜਹਾਂ ਦੀ ਪਹਿਲੀ ਦੁਨੀਆ ਤਾਂ ਜਹਾਂਗੀਰ ਦੀ ਮੌਤ ਦੇ ਨਾਲ ਹੀ ਖ਼ਤਮ ਹੋ ਗਈ ਸੀ, ਰਹਿੰਦੀ ਖੂਹੰਦੀ ਭਰਾ ਦੀ ਮਿਹਰਬਾਨੀ ਨਾਲ ਖਤਮ ਹੋ ਗਈ । ਜੁਵਾਈ ਪਹਿਲੇ ਅੰਨ੍ਹਾ ਤੇ ਫੇਰ ਕਤਲ ਕੀਤਾ ਗਿਆ, ਧੀ ਰੰਡੀ ਬਹਿ ਗਈ । ਹੁਣ ਮਾਂ ਵਿੱਚ ਰਹਿ ਕੀ ਗਿਆ ਸੀ, ਹੌਕੇ ਤੇ ਅੱਲਾ ਦਾ ਸ਼ੁਕਰ। ਦੁਨੀਆ ਦੇ ਐਸ਼ ਆਰਾਮ ਨੂੰ ਚੂਲੀ ਪਾ ਕੇ ਕਦਰ-ਦਾਨ ਖਾਵੰਦ ਦੇ ਦਰਵਾਜ਼ੇ ਦੀ ਫ਼ਕੀਰਨੀ ਬਣ ਗਈ । ਸ਼ਾਹੀ ਤਾਜ, ਵੱਡਮੁੱਲੇ ਜਵਾਹਰਾਤ ਤੇ ਗਹਿਣੇ ਕੱਪੜੇ ਸਭ ਬਾਦਸ਼ਾਹ ਦੇ ਸਿਰ ਦਾ ਸਦਕਾ ਕਰ ਦਿੱਤੇ । ਰੰਗਦਾਰ ਕੱਪੜਾ ਪਹਿਨਣਾ ਬੰਦ ਕਰ ਦਿੱਤਾ। ਮਿੱਸੀ, ਪਾਨ, ਅਤਰ, ਸ਼ਿੰਗਾਰ ਸਭ ਕੁਝ ਤਿਆਗ ਦਿੱਤਾ। ਸਿਰਫ਼ ਇਕ ਤਸਬੀ ਤੇ ਇਕ ਮੁਸੱਲਾ ਡਾਹ ਲਿਆ। ਸਾਦੀ ਪੁਸ਼ਾਕ, ਸਾਦਾ ਖਾਣਾ, ਹਰ ਵੇਲੇ ਰੱਬ ਦੀ ਯਾਦ ਉਸ ਦਾ



Panjab Digital Library | www.pa

ਆਹਰ ਸੀ। ਲਾਹੌਰ ਨਾਲ ਐਨਾ ਪਿਆਰ ਪਾ ਲਿਆ, ਕਿ ਦਿੱਲੀ ਤੇ ਆਗਰਾ ਸਭ ਭੁੱਲ ਗਿਆ। ਪਹਿਲੇ ਪਹਿਲ ਆਪਣੀ ਲੱਖਾਂ ਰੁਪਈਆਂ ਦੀ ਜਾਇਦਾਦ ਖਰਚ ਕਰਕੇ ਜਹਾਂਗੀਰ ਦਾ ਮਕਬਰਾ ਤਿਆਰ ਕਰਵਾਉਣ ਵਿੱਚ ਰੁੱਝੀ ਰਹੀ। ਉਸ ਦੇ ਬਾਦ ਦੁਨੀਆ ਤਿਆਗ ਦਿੱਤੀ। ਆਗਰਾ ਤਖ਼ਤ ਵੱਲੋਂ ਦੋ ਲੱਖ ਰੁਪੈ ਸਾਲ ਦੀ ਜੋ ਇੰਗਸ (ਪੈਨਸ਼ਨ) ਆਉਂਦੀ ਸੀ ਉਹ ਸਾਰੀ ਦੀ ਸਾਰੀ ਯਤੀਮਾਂ, ਰੰਡੀਆਂ ਤੇ ਫ਼ਕੀਰਾਂ ਗ਼ਰੀਬਾਂ ਨੂੰ ਵੰਡੀ ਜਾਂਦੀ ਸੀ। ਮਰਨ ਤੋਂ ਪਹਿਲਾਂ ਆਪਣੀ ਕਬਰ ਦੀ ਇਮਾਰਤ ਸ਼ਾਹੀ ਮਕਬਰੇ ਦੇ ਪਾਸ ਬਣਵਾ ਛੱਡੀ। ਤੇ ਅਠਾਰਾਂ ਸਾਲ ਰੱਬ ਦੀ ਅਰਾਧਨਾ ਵਿੱਚ ਜੀਵਨ ਗੁਜ਼ਾਰ ਕੇ ਓਸੇ ਵਿੱਚ ੨੯ ਸ਼ਵਾਲ ਸੰਨ ੧੦੫੫ ਹਿਜਰੀ ਨੂੰ ਦਫ਼ਨਾਈ ਗਈ।

"ਮੈਂ ਗ਼ਰੀਬ ਦੀ ਕਬਰ ਤੇ ਨਾ ਦੀਵਾ ਨਾ ਫੁੱਲ,<br>ਨਾ ਭੰਬਟ ਦਾ ਪਰ ਸੜੇ, ਨਾ ਚਹਿਕੇ ਬੁਲਬੁਲ"।

## ੨੨. ਜਨਾਜ਼ਾ

ਨੂਰ ਜਹਾਂ ਨੇ ਆਪਣੇ ਵਾਸਤੇ ਖੱਫ਼ਣ ਜੀਉਂਦੇ ਜੀ ਹੀ ਬਣਵਾ ਛੱਡਿਆ ਸੀ। ਇਹ ਚਿੱਟੇ ਹਰੀਰ ਦਾ ਅਸਫ਼ਹਾਨ ਦਾ ਬਣਿਆ ਹੋਇਆ ਸੀ, ਤੇ ਮੱਕੇ ਭੇਜ ਕੇ ਆਬੇ ਜ਼ਮਜ਼ਮ ਨਾਲ ਧੋਤਾ ਹੋਇਆ ਸੀ। ਇਸ ਦੇ ਉਪਰ ਕੁਰਾਨ ਦੀਆਂ ਆਇਤਾਂ ਕਸੀਦੇ ਵਾਂਗ ਕੱਢੀਆਂ ਹੋਈਆਂ ਸਨ। ਨੂਰ ਜਹਾਂ ਦੀ ਕਬਰ ਦੇ ਅੰਦਰ ਕਰਬਲਾ ਦੀ ਮਿੱਟੀ ਵਿਛਾਈ ਹੋਈ ਸੀ। ਅਕੀਦੇ ਦੇ ਲਿਹਾਜ਼ ਨਾਲ ਉਹ ਸ਼ੀਆ ਸੀ ਤੇ ਹੱਦ ਦਰਜੇ ਦੀ ਰਹਿਮਦਿਲ ਔਰਤ ਸੀ। ਉਸ ਦੀ ਸਖ਼ਾਵਤ ਦਾ ਇਹ ਹਾਲ ਸੀ ਕਿ ਉਸ ਨੇ ਆਪਣੀ ਸਾਰੀ ਜਾਗੀਰ, ਪੈਨਸ਼ਨ ਦੀ ਰਕਮ ਤੇ ਗਹਿਣਾ,



Digitized by Panjab Digital Library | www.panjabdigilib.org

ਮੋਤੀ, ਜਵਾਹਰਾਤ ਸਭ ਵੇਚ ਵੱਟ ਕੇ ਖ਼ੁਦਾ ਦੇ ਰਾਹ ਵਿੱਚ ਗ਼ਰੀਬਾਂ, ਮੁਥਾਜਾਂ, ਯਤੀਮਾਂ, ਮਸਕੀਨਾਂ ਦੇ ਵਾਸਤੇ ਵਕਫ਼ ਕਰ ਛੱਡਿਆ ਸੀ। ਉਸ ਦੇ ਜਨਾਜ਼ੇ ਦੇ ਨਾਲ ੬੦ ਹਜ਼ਾਰ ਆਦਮੀ ਸਨ। ਹਜ਼ਾਰਾਂ ਗ਼ਰੀਬ, ਮਸਕੀਨ, ਅੰਨ੍ਹੇ, ਲੂਲੇ, ਲੰਙੇ, ਯਤੀਮ ਤੇ ਅਪਾਹਜ ਧਾਈਂ ਮਾਰ ਮਾਰ ਕੇ ਰੋ ਰਹੇ ਸਨ। ਮੁੱਲਾਂ ਖਿਜ਼ੰਦ ਹਿਰਾਤੀ ਨੂੰ ਜਦ ਇਹ ਖ਼ਬਰ ਮਿਲੀ ਤਾਂ ਸੋਚਿਆ ਕਿ ਸ਼ੀਆ ਖਿਆਲ ਦੀ ਮਲਕਾ ਦੇ ਜਨਾਜ਼ੇ ਨਾਲ ਸ਼ੀਆ ਲੋਕ ਹੀ ਹੋਣਗੇ, ਪਰ ਜਦ ਉਥੇ ਗਿਆ ਤਾਂ ਪਤਾ ਲੱਗਾ ਕਿ ਸ਼ੀਆ ਨਾਲੋਂ ਚੌਗੁਣੇ ਸੁੰਨੀ ਮੁਸਲਮਾਨ ਜਨਾਜ਼ੇ ਦੇ ਨਾਲ ਜਾ ਰਹੇ ਸਨ । ਤੇ ਸ਼ਹਿਰ ਦਾ ਕਾਜ਼ੀ ਭੀ ਰੋ ਰਿਹਾ ਸੀ । ਮੁੱਲਾਂ ਖਿਜ਼ੰਦ ਨੇ ਇਹ ਵੀ ਲਿਖਿਆ ਕਿ ਸਰਮਸਤ ਸ਼ਾਹ ਕਲੰਦਰ ਕਦੀ ਨਮਾਜ਼ ਨਹੀਂ ਪੜ੍ਹਦੇ ਸਨ ਪਰ ਨੂਰ ਜਹਾਂ ਦੀ ਨਮਾਜ਼ ਉਸ ਨੇ ਕਤਾਰ ਤੋਂ ਵੱਖਰਿਆਂ ਹੋ ਕੇ ਪੜ੍ਹੀ, ਤੇ ਸਿਜਦਾ ਵੀ ਕੀਤਾ। ਪੁੱਛਿਆ ਗਿਆ ਕਿ ਹਜ਼ਰਤ ਜਨਾਜ਼ੇ ਦੀ ਨਮਾਜ਼ ਵਿੱਚ ਸਿਜਦਾ ਕਿਉਂ ? ਜਵਾਬ ਦਿੱਤਾ ਕਿ ਯਤੀਮ ਬੱਚਿਆਂ ਦੇ ਅੱਥਰੂ ਨੂਰ ਜਹਾਂ ਦੇ ਵਾਸਤੇ ਬਹਿਸ਼ਤ ਵਿੱਚ ਮਹਿਲ ਬਣਵਾ ਰਹੇ ਹਨ । ਵਿਧਵਾ ਔਰਤਾਂ ਦੇ ਅੱਥਰੂ ਲਾਲ ਤੇ ਯਾਕੂਤ ਬਣ ਰਹੇ ਹਨ। ਗ਼ਰੀਬਾਂ ਤੇ ਮਸਕੀਨਾਂ ਦੀਆਂ ਦੁਆਵਾਂ ਉਨ੍ਹਾਂ ਮਹਿਲਾਂ ਦੇ ਥੰਮ੍ਹ ਬਣ ਰਹੀਆਂ ਹਨ ਤੇ ਖ਼ੁਦਾ ਦੀਆਂ ਰਹਿਮਤਾਂ ਨੂਰ ਜਹਾਂ ਦੀਆਂ ਗ਼ਰੀਬ ਨਿਵਾਜ਼ੀਆਂ ਦਾ ਬਦਲਾ ਦੇਣ ਲਈ ਤਿਆਰ ਹਨ ।

ਇਸ ਸਾਰੀ ਗੱਲ ਤੋਂ ਸਾਬਤ ਹੁੰਦਾ ਹੈ, ਕਿ ਨੂਰ ਜਹਾਂ ਦਾ ਦਾਨ ਤੇ ਸਖ਼ਾਵਤ ਲਾਹੌਰ ਵਿੱਚ ਇੱਕ ਗ਼ਰੀਬ ਗ਼ੁਰਬੇ ਦਾ ਆਸਰਾ ਬਣੇ ਹੋਏ ਸਨ । ਬੇਅੰਦਾਜ਼ਾ ਰੁਪਏ ਹਰ ਰੋਜ਼ ਖਰਚ ਹੋਕੇ ਇੱਕ ਸ਼ਾਹੀ ਸਦਾ ਬਰਤ ਲੱਗਾ ਰਹਿੰਦਾ ਸੀ।



Digitized by Panjab Digital Library | www.panjabdigilib.org

ਨੂਰ ਜਹਾਂ ਦਾ ਮਕਬਰਾ ਪਹਿਲੇ ਜਹਾਂਗੀਰ ਦੇ ਮਕਬਰੇ ਦੇ ਬਾਹਰ ਨੂਰ ਜਹਾਂ ਦੇ ਆਪਣੇ ਦਿਲ ਕੁਸ਼ਾ ਬਾਗ਼ ਵਿੱਚ ਹੀ ਸੀ। ਦੋਹਾਂ ਮਿਜ਼ਾਰਾਂ ਦੇ ਵਿਚਕਾਰ ਇੱਕ ਸੁਰੰਗ ਵੀ ਸੀ, ਜਿਸ ਵਿੱਚ ਆਦਮੀ ਜਾ ਨਹੀਂ ਸਕਦਾ। ਅੰਗ੍ਰੇਜ਼ੀ ਰਾਜ ਵਿੱਚ ਰੇਲ ਦੀ ਲਾਈਨ ਦੁਹਾਂ ਮਿਜ਼ਾਰਾਂ ਵਿੱਚ ਦੀ ਲੰਘਦੀ ਹੈ। ਸ਼ਾਹਦਰਾ ਸਟੇਸ਼ਨ ਤੋਂ ਨੂਰ ਜਹਾਂ ਦਾ ਮਕਬਰਾ ਬਹੁਤ ਹੀ ਨੇੜੇ ਹੈ, ਤੇ ਰੇਲ ਦੀ ਸੜਕ ਦੇ ਦੂਜੇ ਪਾਸੇ ਜਹਾਂਗੀਰ ਦਾ ਮਕਬਰਾ ਹੈ। ਇਸ ਮਕਬਰੇ ਦੇ ਬਾਗ਼ ਦੀ ਚਾਰ ਦੀਵਾਰੀ ਦੇ ਅੰਦਰ ਆਸਫ਼ ਜਾਹ ਦਾ ਮਕਬਰਾ ਵੀ ਹੈ। ਜਿਸ ਦਾ ਦੇਹਾਂਤ ਸੰਨ ੧੬੪੧ ਈਸਵੀ ਵਿੱਚ ਹੋਇਆ ਸੀ।

ਨੂਰ ਜਹਾਂ ਦਾ ਮਕਬਰਾ ਮੈਂ ਜਿਸ ਵੇਲੇ ਵੇਖਿਆ ਬੜੀ ਸਾਦੀ ਜਿਹੀ ਇਮਾਰਤ ਸੀ। ਸੱਜੇ ਪਾਸੇ ਨੂਰ ਜਹਾਂ ਦਾ ਤਾਵੀਜ਼ ਹੈ ਤੇ ਖੱਬੇ ਪਾਸੇ ਉਸ ਦੀ ਧੀ ਲਾਡਲੀ ਬੇਗਮ ਦਾ। ਅਸਲੀ ਕਬਰਾਂ ਤਾਂ ਏਨ੍ਹਾਂ ਤਾਵੀਜ਼ਾਂ ਦੇ ਥੱਲੇ ਹਨ, ਜਿੱਥੇ ਉਤਰਨਾ ਬੰਦ ਹੈ। ਉਪਰਲੀ ਜਗ੍ਹਾ ਪਹਿਲੇ ਬੜੀ ਖਸਤਾ ਹਾਲਤ ਵਿੱਚ ਹੁੰਦੀ ਸੀ ਤੇ ਵਿੱਚ ਡੰਗਰ ਖੜੇ ਰਿਹਾ ਕਰਦੇ ਸਨ। ਕਈ ਲੋਕਾਂ ਨੇ ਉਸ ਭੈੜੇ ਹਾਲ ਦਾ ਜ਼ਿਕਰ ਅਖ਼ਬਾਰਾਂ ਵਿੱਚ ਛਪਾ ਕੇ ਮੁਸਲਮਾਨਾਂ ਨੂੰ ਸ਼ਰਮ ਦਿਵਾਈ। ਉਸ ਦੇ ਬਾਦ ਦਿੱਲੀ ਵਾਲੇ ਹਕੀਮ ਅਜਮਲ ਖਾਂ ਸਾਹਿਬ ਨੇ ਇਸ ਮਕਬਰੇ ਦੀ ਮੁਰੰਮਤ ਕਰਵਾਈ, ਤੇ ਇਸ ਨੂੰ ਗਵਰਨਮੈਂਟ ਵੱਲੋਂ ਪੁਰਾਤਨ ਇਮਾਰਤਾਂ ਦੀ ਲਿਸਟ ਵਿੱਚ ਲਿਆਂਦਾ ਗਿਆ। ਹਕੀਮ ਸਾਹਿਬ ਵੱਲੋਂ ਇੱਕ ਪੱਥਰ ਦੀ ਸਿੱਲ ਲੱਗੀ ਹੋਈ ਹੈ, ਇਸ ਤੇ ਇਬਾਰਤ ਉੱਕਰੀ ਹੋਈ ਹੈ, ਜਿਸ ਦਾ ਭਾਵ ਇਹ ਹੈ ਕਿ : ਜਹਾਂਗੀਰ ਦੇ ਮਰਨ ਤੋਂ ਅਠਾਰਾਂ ਸਾਲ ਬਾਦ ਨੂਰ ਜਹਾਂ ਦਾ ਦੇਹਾਂਤ ਹੋਇਆ। ਇਸ ਤੋਂ ਇਹ



Digitized by Panjab Digital Library | www.panjabdigilib.org

ਭੀ ਸਾਬਤ ਹੁੰਦਾ ਹੈ ਕਿ ਨੂਰ ਜਹਾਂ ਦੀ ਮੌਤ ਸੰਨ ੧੦੫੫ ਹਿਜਰੀ ਵਿੱਚ ਹੋਈ ਸੀ।

## ੨੩. ਨੂਰ ਜਹਾਂ ਦੇ ਸ਼ੁਭ ਗੁਣ

ਨੂਰ ਜਹਾਂ ਦੁਨੀਆ ਦੀਆਂ ਓਹਨਾਂ ਗੇਣਵੀਆਂ ਪ੍ਰਸਿੱਧ ਤੇ ਨਾਮਵਰ ਇਸਤ੍ਰੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਂਦਾ ਹੈ। ਰੂਪ ਦਾ ਜਾਦੂ ਤਾਂ ਲਗ ਭਗ ਸਭ ਔਰਤਾਂ ਵਿੱਚ ਹੁੰਦਾ ਹੈ, ਪਰ ਨੂਰ ਜਹਾਂ ਨੂੰ ਕੁਦਰਤ ਨੇ ਹੋਰ ਭੀ ਬਹੁਤ ਸਾਰੇ ਸਦਗੁਣ ਬਖ਼ਸ਼ੇ ਹੋਏ ਸਨ। ਉਸ ਵਿੱਚ ਇੰਤਜ਼ਾਮ ਦਾ ਸਲੀਕਾ ਸੀ ਤੇ ਸ਼ਾਹੀ ਅਣਖ ਸੀ। ਸਾਰੇ ਹਿੰਦੁਸਤਾਨ ਦੀ ਮਸ਼ੀਨਰੀ ਨੂੰ ਬੜੀ ਸਿਆਣਪ ਨਾਲ ਚਲਾਉਂਦੀ ਰਹੀ, ਤੇ ਬਾਦਸ਼ਾਹ ਉੱਤੇ ਬੇਇਨਸਾਫ਼ੀ ਦਾ ਧੱਬਾ ਵੀ ਲੱਗਣ ਨਹੀਂ ਦਿੱਤਾ। ਇਲਮ ਦੀ ਬੇਕੀਮਤ ਦੌਲਤ ਦੇ ਸਿਵਾ ਸ਼ਾਇਰੀ ਤੇ ਤੁਰਤ ਉੱਤਰ ਦੇਣ ਦਾ ਕਮਾਲ ਭੀ ਉਸ ਦੇ ਹਿੱਸੇ ਆਇਆ ਸੀ, ਹਰ ਵੇਲੇ ਹਸਦੇ ਖਿੜਦੇ ਰਹਿਣਾ ਉਸ ਦੀ ਆਦਤ ਸੀ। ਬਾਦਸ਼ਾਹ ਨੂੰ ਕਿਸੇ ਵੇਲੇ ਵੀ ਮੱਥੇ ਵੱਟ ਨਹੀਂ ਪਾਉਣ ਦੇਂਦੀ ਸੀ, ਉਸ ਦੀ ਸੇਵਾ ਸਤੀ ਔਰਤਾਂ ਵਾਂਗ ਕਰਦੀ ਰਹੀ, ਤੇ ਉਸ ਦੇ ਕਿਸੇ ਐਬ ਨੂੰ ਨਾ ਨੰਗਾ ਕੀਤਾ ਨਾ ਹੋਣ ਦਿੱਤਾ।

ਘੋੜ ਸਵਾਰੀ, ਤੀਰ ਅੰਦਾਜ਼ੀ ਤੇ ਸ਼ਿਕਾਰ ਦਾ ਸ਼ੌਕ ਭੀ ਕਾਫ਼ੀ ਸੀ। ਹਰਨ, ਪਾੜ੍ਹੇ, ਚਿੱਤਰੇ ਤੇ ਸ਼ੇਰਾਂ ਦਾ ਸ਼ਿਕਾਰ ਵੀ ਕਰਦੀ ਰਹੀ। ਸੰਨ ੧੨ ਜਲੂਸੀ ਦਾ ਜ਼ਿਕਰ ਹੈ ਕਿ ਨੂਰ ਜਹਾਂ ਨੇ ਚਾਰ ਸ਼ੇਰਾਂ ਦਾ ਸ਼ਿਕਾਰ ਕੀਤਾ। ਬਾਦਸ਼ਾਹ ਨੇ ਖੁਸ਼ ਹੋ ਕੇ ਇੱਕ ਹਜ਼ਾਰ ਮੁਹਰ ਉਸ ਦੇ ਸਿਰ ਤੋਂ ਵਾਰੀ ਤੇ ਇੱਕ ਅਲਮਾਸ ਦੀਆਂ



Digitized by Panjab Digital Library | www.panjabdigilib.org

ਪਹੁੰਚੀਆਂ ਦੀ ਜੋੜੀ ਇਨਾਮ ਦਿੱਤੀ, ਜਿਨ੍ਹਾਂ ਦੀ ਲਾਗਤ ਇੱਕ ਲੱਖ ਰੁਪਯਾ ਆਈ ਸੀ। ਗੱਲ ਕੀ, ਬਾਦਸ਼ਾਹ ਨੂਰ ਜਹਾਂ ਦਾ ਦਿਲੋਂ ਜਾਨੋਂ ਪੂਰਾ ਕਦਰਦਾਨ ਸੀ। ਜਹਾਂਗੀਰ ਆਪ ਵੀ ਵਿਦਵਾਨ ਸੀ ਤੇ ਨੂਰ ਜਹਾਂ ਵੀ ਇਲਮ ਦੋਸਤ, ਸ਼ਾਇਰ ਨਿਵਾਜ਼ ਤੇ ਸਾਹਿਤ ਦੀ ਕਦਰ ਸ਼ਨਾਸ ਸੀ। ਸ਼ਾਹੀ ਦਰਬਾਰ ਵਿੱਚ ਅਬੂ ਤਾਲਿਬ ਕਲੀਮ, ਮਿਰਜ਼ਾ ਸੈਦੀ ਸਲੀਮ, ਤਾਲਿਬ ਆਮਲੀ ਤੇ ਮੁਹੰਮਦ ਨਕੀ ਆਦਿਕ ਬਹੁਤ ਸਾਰੇ ਵਿਦਵਾਨ ਸ਼ਾਇਰ ਮੌਜੂਦ ਸਨ, ਜਿਨ੍ਹਾਂ ਨੂੰ ਹਰ ਸਾਲ ਨੌਰੋਜ਼ੀ ਦਰਬਾਰ ਵੇਲੇ ਮਲਕਾ ਦੇ ਹੱਥੋਂ ਬੜੇ ਬੜੇ ਇਨਾਮ ਇਕਰਾਮ ਮਿਲਦੇ ਹੁੰਦੇ ਸਨ। ਫੌਜੀ ਕਰਤਬ ਤੇ ਸ਼ਾਇਰੀ ਦੇ ਸਿਵਾ ਨੂਰ ਜਹਾਂ ਨੂੰ ਮੁਸੱਵਰੀ ਤੇ ਨੱਕਾਸ਼ੀ ਦਾ ਭੀ ਪੂਰਾ ਸ਼ੌਕ ਤੇ ਤਜਰਬਾ ਸੀ। ਇਹ ਹੁਨਰ ਉਸ ਨੇ ਆਪਣੀ ਮਾਂ ਅਸਮਤ ਬਾਨੋ ਪਾਸੋਂ ਹਾਸਲ ਕੀਤਾ ਸੀ, ਜੋ ਈਰਾਨ ਵਿੱਚ ਪਹਿਲੋਂ ਹੀ ਇਸ ਹੁਨਰ ਵਿੱਚ ਤਾਕ ਹੋ ਚੁਕੀ ਸੀ। ਸ਼ਾਹੀ ਮਹੱਲਾਂ ਵਿੱਚ ਬੇਗਮਾਂ ਦੀਆਂ ਤਸਵੀਰਾਂ ਤਿਆਰ ਕਰਨ ਦਾ ਮੌਕਾ ਜ਼ਨਾਨੀਆਂ ਦੇ ਬਗੈਰ ਹੋਰ ਕਿਸੇ ਨੂੰ ਮਿਲ ਹੀ ਨਹੀਂ ਸਕਦਾ ਸੀ। ਇਹ ਜੋ ਤਸਵੀਰਾਂ ਹੱਥ ਆਉਂਦੀਆਂ ਹਨ, ਨੂਰ ਜਹਾਂ ਜਾਂ ਉਸ ਦੀ ਮਾਂ ਦੀ ਕਾਰੀਗਰੀ ਦਾ ਅਹਿਸਾਨ ਹੈ।

## ੨੪. ਕਵਿਤਾ ਕਵੀ ਸਨਮਾਨ ਅਤੇ ਜ਼ਿੰਦਾ ਦਿਲੀ

ਨੂਰ ਜਹਾਂ ਦੀ ਜ਼ਿੰਦਾ ਦਿਲੀ ਦਾ ਪਹਿਲਾ ਤੀਰ ਤਾਂ ਉਹ ਸੀ ਜੋ ਉਸ ਨੇ ਜਵਾਨੀ ਦੇ ਦਿਨਾਂ ਵਿੱਚ ਦੂਜਾ ਕਬੂਤਰ ਹੱਥੋਂ ਉਡਾ ਕੇ ਸਲੀਮ ਦੇ ਕਲੇਜੇ ਵਿੱਚ ਚੋਭਿਆ ਸੀ, ਜਿਹੜਾ ਅਖੀਰ



Digitized by Panjab Digital Library | www.panjabdigilib.org

ਦਮ ਤੱਕ ਜਹਾਂਗੀਰ ਨੂੰ ਭੁੱਲਿਆ ਨਹੀਂ ਸੀ । ਬੇਗਮ ਆਪਣੇ ਇਲਮ ਦੇ ਜ਼ੋਰ ਨਾਲ ਤੁਰੰਤ ਮੋੜਵਾਂ ਉੱਤਰ ਦੇਣ ਦੀ ਅਭਿਆਸਣ ਸੀ, ਤੇ ਨਾਲ ਹੀ ਕਵਿੱਤਰੀ ਵੀ ਸੀ। ਇੱਕ ਸਾਲ ਰੋਜ਼ੇ ਮੁੱਕ ਗਏ ਤਾਂ ਈਦ ਦੇ ਚੰਨ ਨੂੰ ਦੇਖ ਕੇ ਬਾਦਸ਼ਾਹ ਇੱਕ ਤੁਕ ਬੋਲਿਆ :–

"ਦਿੱਸ ਪਿਆ ਅਸਮਾਨ ਤੇ ਅਹਾ ! ਈਦ ਦਾ ਚੰਦ।"

ਨੂਰ ਜਹਾਂ ਨੇ ਓਸੇ ਵੇਲੇ ਦੂਜਾ ਬੰਦ ਸੁਣਾ ਕੇ ਖੁਸ਼ ਕਰ ਦਿੱਤਾ :

"ਕੁੰਜੀ ਮਿਲ ਗਈ ਖੁਲ੍ਹ ਗਿਆ, ਮੈਖ਼ਾਨਾ ਸੀ ਬੰਦ"।

ਇੱਕ ਵਾਰ ਬਾਦਸ਼ਾਹ ਨੇ ਚੋਗ਼ਾ ਪਹਿਨਿਆ, ਜਿਸ ਦੀਆਂ ਘੁੰਡੀਆਂ ਉੱਤੇ ਲਾਲ ਲੱਗੇ ਹੋਏ ਸਨ । ਨੂਰ ਜਹਾਂ ਨੇ ਸੋਚ ਸਮੁੰਦਰ ਵਿੱਚੋਂ ਗੌਹਰ ਕੱਢ ਕੇ ਸ਼ਾਇਰਾਨਾ ਅੰਦਾਜ਼ ਵਿੱਚ ਪੇਸ਼ ਕਰ ਦਿੱਤੇ :–

"ਤਿਰੇ ਹਰੀਰੀ ਕੋਟ ਨੂੰ ਜੁੜੇ ਹੋਏ ਨੇਂ ਲਾਲ,
ਲਹੂ ਮੇਰਾ ਹੈ ਛੁਹ ਰਿਹਾ ਤੇਰੇ ਗਲਮੇ ਨਾਲ"।

ਇੱਕ ਵੇਰ ਅਸਮਾਨ ਉੱਤੇ ਬੋਦੀ ਵਾਲਾ ਤਾਰਾ ਦਿੱਸਿਆ। ਉਸ ਨੂੰ ਬਾਦਸ਼ਾਹ ਦੇ ਵਾਸਤੇ ਮਨਹੂਸ ਸਮਝਿਆ ਜਾਂਦਾ ਸੀ। ਨੂਰ ਜਹਾਂ ਨੇ ਬੁਰਾਈ ਨੂੰ ਚੰਗਿਆਈ ਦਾ ਦਰਜਾ ਦੇਣ ਲਈ ਇਹ ਸ਼ਿਅਰ ਬਣਾ ਦਿੱਤਾ :–

"ਤਾਰੇ ਨੇ ਇਹ ਐਡੀ ਲੰਮੀ ਬੋਦੀ ਨਹੀਂ ਵਧਾਈ,
ਸ਼ਾਹੀ ਸ਼ਾਨ ਅਕਾਸ਼ ਦੇ ਉੱਤੇ ਖੰਭ ਖਿਲਾਰਨ ਆਈ"।

ਮਹਿਲਾਂ ਵਿੱਚ ਇੱਕ ਦਿਨ ਗੋੱਲੀ ਪਾਸੋਂ ਸ਼ੀਸ਼ਾ ਟੁੱਟ ਗਿਆ। ਅਫ਼ਸੋਸ ਨਾਲ ਬੇਗਮ ਦੇ ਸਾਹਮਣੇ ਆ ਕੇ ਬੋਲੀ–

"ਕੁਦਰਤ ਸੇਤੀ ਛੁਟਕੇ ਹੱਥੋਂ ਟੁੱਟ ਗਿਆ ਸ਼ੀਸ਼ਾ ਚੀਨੀ ਦਾ"।



Digitized by Panjab Digital Library | www.panjabdigilib.org

ਅੱਗੋਂ ਬੇਗਮ ਨੇ ਹੱਸ ਕੇ ਦੂਜਾ ਮਿਸਰਾ ਕਹਿ ਦਿੱਤਾ,
"ਚੰਗਾ ਹੋਇਆ ਖਤਮ ਹੋ ਗਿਆ, ਸੌਦਾ ਸੀ ਖੁਦਬੀਨੀ ਦਾ"।

ਇੱਕ ਵੇਰ ਬਾਦਸ਼ਾਹ ਇੱਕ ਸ਼ਿਅਰ ਬਣਾਣ ਲੱਗਾ ਪਰ ਪਹਿਲੇ ਬੰਦ ਉੱਤੇ ਅਟਕ ਗਿਆ । ਦੂਜਾ ਯਾਦ ਨਾ ਆਵੇ। ਬੰਦ ਇਹ ਸੀ :–

"ਰੋਣ ਬਿਨਾ ਇਸ ਅੱਖ ਨੂੰ ਸੁੱਝੇ ਕੋਈ ਨ ਕਾਰ"।

ਨੂਰ ਜਹਾਂ ਨੇ ਜਵਾਬ ਦਿੱਤਾ :–

"ਸੱਚ ਹੈ, ਲੂਲਾ ਪਿੰਗਲਾ ਕੁਝ ਨਾ ਸਕੇ ਸੁਆਰ"।

ਕਵੀ ਸਨਮਾਨ ਦਾ ਇਹ ਹਾਲ ਸੀ ਕਿ ਹਰ ਸਾਲ ਨੌ ਰੋਜ਼ ਦੇ ਮੇਲੇ ਵਿੱਚ ਲੱਖਾਂ ਰੁਪੈ ਇਨਾਮ ਵੰਡਿਆ ਜਾਂਦਾ ਸੀ ਤੇ ਉਸ ਵਿੱਚੋਂ ਚੋਖੀ ਰਕਮ ਕਵੀਆਂ ਦੀ ਕਦਰ ਦਾਨੀ ਵਿੱਚ ਖਰਚ ਹੋ ਜਾਂਦੀ ਸੀ। ਇੱਕ ਵਾਰ ਦਾ ਜ਼ਿਕਰ ਹੈ ਕਿ ਬੇਗਮ ਨੂਰ ਜਹਾਂ ਮੁਸਾਹਬਾਂ ਦੇ ਨਾਲ ਗੱਲਾਂ ਕਰਦੀ ਬਾਗ਼ ਵਿੱਚ ਜਾ ਰਹੀ ਸੀ। ਮਿਰਜ਼ਾ ਸੈਦੀ ਨੇ, ਜੋ ਨੂਰ ਜਹਾਂ ਨੂੰ ਪਛਾਣਦਾ ਨਹੀਂ ਸੀ ਤੇ ਉਸੇ ਦਿਨ ਬਾਗ਼ ਵਿੱਚ ਆਣ ਕੇ ਉਤਰਿਆ ਸੀ ਕੋਠੇ ਤੋਂ ਇੱਕ ਸ਼ਿਅਰ ਬੋਲਿਆ:–

"ਬੁਰਕਾ ਪਾ ਕੇ ਓਸ ਨੂੰ, ਨਾਜ਼ ਪੁਚਾਇਆ ਬਾਗ਼
ਛਣ ਛਣ ਫੁੱਲਾਂ ਦੀ ਮਹਿਕ ਤਾਜ਼ਾ ਕਰੇ ਦਿਮਾਗ਼"।

ਨੂਰ ਜਹਾਂ ਨੂੰ ਇਹ ਸ਼ਿਅਰ ਬੜਾ ਪਸੰਦ ਆਇਆ, ਪੰਜ ਸੌ ਮੁਹਰ ਤਾਂ ਉਸੇ ਵੇਲੇ ਇਨਾਮ ਦੇ ਦਿੱਤਾ ਤੇ ਅੱਗੋਂ ਵੀ ਰੁਜ਼ੀਨਾ ਲਗਾ ਦਿੱਤਾ।

ਕਿਤਾਬ "ਸ਼ਿਅਰੁਲਅਜਮ" ਵਿੱਚ ਲਿਖਿਆ ਹੈ ਕਿ



Digitized by Panjab Digital Library | www.panjabdigilib.org

ਦਰਬਾਰੀ ਸ਼ਾਇਰ ਅਬੂ ਤਾਲਬ ਕਲੀਮ ਨੂੰ ਸੋਧਣ ਦੀ ਲਿਆਕਤ ਨੂਰ ਜਹਾਂ ਵਿੱਚ ਸੀ। ਅਕਸਰ ਉਸ ਦੀਆਂ ਗ਼ਲਤੀਆਂ ਫੜ ਲਿਆ ਕਰਦੀ ਸੀ। ਨੂਰ ਜਹਾਂ ਦਾ ਇੱਕਾ ਦੁੱਕਾ ਸ਼ਿਅਰ ਤਾਂ ਮਿਲਦਾ ਹੈ ਪਰ ਕੋਈ ਦੀਵਾਨ ਜਾਂ ਕੁਲੀਆਤ ਨਹੀਂ ਮਿਲਦੇ। ਉਸ ਦਾ ਤਖ਼ੱਲਸ (ਉਪਨਾਮ) "ਨੂਰ" ਵੀ ਕਿਹਾ ਜਾਂਦਾ ਹੈ ਤੇ "ਮਖ਼ਫੀ" ਭੀ। ਪਰ ਏਹ ਕਿਤੇ ਵਰਤੇ ਹੋਏ ਨਹੀਂ ਮਿਲੇ। ਹਾਂ ਨੂਰ ਜਹਾਂ ਦੇ ਨਾਮ ਨਾਲ ਸ਼ਿਅਰ ਤਾਂ ਬਹੁਤ ਸਾਰੇ ਲਭਦੇ ਹਨ ਪਰ ਕਈ ਲੋਕ ਆਪ ਸ਼ਿਅਰ ਘੜ ਕੇ ਕਿਸੇ ਮਸ਼ਹੂਰ ਹਸਤੀ ਦਾ ਨਾਂ ਧਰ ਦੇਂਦੇ ਹਨ। ਇਸ ਲਈ ਉਹ ਇਤਬਾਰ ਦੇ ਲਾਇਕ ਨਹੀਂ ਜਾਪਦੇ।

## ੨੫. ਏਤਮਾਦੁੱਦੌਲਾ

ਮਿਰਜ਼ਾ ਗ਼ਿਆਸ ਬੜਾ ਨਸੀਬਾਂ ਵਾਲਾ ਸੀ ਕਿ ਆਪਣੀ ਔਲਾਦ ਦੇ ਸਾਹਮਣੇ ਦੁਨੀਆ ਤੋਂ ਰੁਖ਼ਸਤ ਹੋ ਗਿਆ। ੧੬ ਜਲੂਸੀ ਸੰਨ ੧੦੨੯ ਹਿਜਰੀ (੧੬੨੧-੨੨ ਈਸਵੀ) ਵਿੱਚ ਜਹਾਂਗੀਰ ਕਾਂਗੜੇ ਦੇ ਪਹਾੜਾਂ ਵਿੱਚ ਲੜਾਈ ਕਰ ਰਿਹਾ ਸੀ ਕਿ ਮਿਰਜ਼ਾ ਗ਼ਿਆਸ ਦੀ ਸਿਹਤ ਬਹਿਲਵਾਨ ਵਿੱਚ ਖਰਾਬ ਹੋ ਗਈ। ਨੂਰ ਜਹਾਂ ਪਿਉ ਦੀ ਖਿਦਮਤ ਕਰਦੀ ਸੀ। ਜਹਾਂਗੀਰ ਦੇ ਦਿਲ ਵਿੱਚ ਸਹੁਰੇ ਦੀ ਬੜੀ ਇੱਜ਼ਤ ਸੀ। ਅੱਧਾ ਦਿਨ ਉਸ ਦੇ ਸਰ੍ਹਾਣੇ ਬੈਠਾ ਰਿਹਾ, ਨੂਰ ਜਹਾਂ ਨੇ ਬਾਦਸ਼ਾਹ ਵੱਲ ਉਂਗਲੀ ਕਰਕੇ ਪਿਤਾ ਨੂੰ ਪੁੱਛਿਆ, "ਤੁਸੀਂ ਇਨ੍ਹਾਂ ਨੂੰ ਪਛਾਣਦੇ ਓ?" ਓਸ ਨੇ ਇੱਕ ਫ਼ਾਰਸੀ ਸ਼ਿਅਰ ਤਾਂ ਪੜ੍ਹਿਆ ਪਰ ਕਿਸੇ ਨੂੰ ਪਛਾਣਦਾ ਨਹੀਂ ਸੀ। ਅਖੀਰ ਕੁਝ ਘੜੀਆਂ ਬਾਦ ਰੂਹ ਦਾ ਪੰਛੀ ਪਿੰਜਰਾ ਖਾਲੀ ਕਰ ਗਿਆ। ਇਹ ਘਟਨਾ ੧੬ ਜਨਵਰੀ ਸੰਨ ੧੬੨੨



Digitized by Panjab Digital Library | www.panjabdigilib.org

ਈਸਵੀ ਦੀ ਹੈ। ਮਿਰਜ਼ਾ ਗ਼ਿਆਸ ਦੀ ਮੌਤ ਦਾ ਕਾਰਨ ਉਹ ਸਦਮਾ ਸੀ ਜੋ ਉਸ ਨੂੰ ਆਪਣੀ ਲਾਇਕ, ਸਿਆਣੀ ਤੇ ਆਗਿਆਕਾਰ ਜੀਵਨ ਸਾਥਣ ਅਸਮਤ ਬਾਨੋ ਦੀ ਅਚਾਨਕ ਮੌਤ ਨਾਲ ਹੋਇਆ ਸੀ। ਇਹ ਮੌਤ ਭੀ ਗਿਆਸ ਦੀ ਮੌਤ ਤੋਂ ਦੋ ਤਿੰਨ ਮਹੀਨੇ ਪਹਿਲੇ ਸੰਨ ੧੬੨੧ ਈਸਵੀ ਵਿਚ ਹੋ ਚੁਕੀ ਸੀ।

ਗਿਆਸ ਦਾ ਪੁੱਤਰ ਏਤਕਾਦ ਖ਼ਾਂ ਉਸ ਦੇ ਤਾਬੂਤ ਨੂੰ ਚੁਕਵਾ ਕੇ ਆਗਰੇ ਵਿੱਚ ਲੈ ਗਿਆ। ਨੂਰ ਜਹਾਂ ਦੀ ਮਰਜ਼ੀ ਤਾਂ ਖਾਲਸ ਚਾਂਦੀ ਦਾ ਮਕਬਰਾ ਬਣਵਾਣ ਦੀ ਸੀ, ਪਰ ਫੇਰ ਸਲਾਹ ਹੋਈ ਕਿ ਵਧੀਆ ਸੰਗ ਮਰਮਰ ਚਾਂਦੀ ਨਾਲੋਂ ਭੀ ਬਹੁਤਾ ਪੱਕਾ ਹੁੰਦਾ ਹੈ। ਸੰਨ ੧੬੨੮ ਈਸਵੀ ਵਿੱਚ ਇਹ ਮਕਬਰਾ ਅਣਗਿਣਤ ਰੁਪਿਆ ਖਰਚ ਕਰ ਕੇ ਸੱਤ ਬਰਸਾਂ ਦੀ ਮਿਹਨਤ ਨਾਲ ਤਿਆਰ ਹੋਇਆ। ਮਿਰਜ਼ਾ ਗ਼ਿਆਸ ਤੇ ਉਸ ਦੀ ਬੇਗਮ ਦੋਹਾਂ ਦੀਆਂ ਕਬਰਾਂ ਨਾਲੋ ਨਾਲ ਹਨ।

ਨੂਰ ਜਹਾਂ ਨੂੰ ਭਾਵੇਂ ਆਪਣੇ ਲਈ ਇਹੋ ਜਿਹਾ ਮਕਬਰਾ ਨਹੀਂ ਜੁੜਿਆ, ਪਰ ਆਪਣੇ ਮਾਂ ਪਿਉ ਦਾ ਮਕਬਰਾ ਬੜੀ ਰੀਝ ਨਾਲ ਆਗਰੇ ਵਿੱਚ ਬਣਵਾਇਆ। ਆਗਰਾ ਸ਼ਹਿਰ ਤੋਂ ਜਮਨਾ ਦੇ ਪਾਰਲੇ ਕਿਨਾਰੇ ਰੇਲ ਦਾ ਪੁਲ ਲੰਘ ਕੇ "ਏਤਮਾਦੁੱਦੌਲਾ" ਨਾਮ ਦਾ ਬੜਾ ਆਲੀਸ਼ਾਨ ਮਕਬਰਾ ਮੌਜੂਦ ਹੈ, ਜਿਸ ਦੇ ਚਾਰ ਚੁਫੇਰੇ ਬਾਗ਼ ਵੀ ਹੈ। ਇਮਾਰਤ ਦੇ ਲਿਹਾਜ਼ ਨਾਲ ਇਹ ਇੱਕ ਬਹੁਤ ਸੁਹਣਾ ਤੇ ਦਰਸ਼ਨ-ਲਾਇਕ ਮਕਬਰਾ ਹੈ, ਤਾਜ ਮਹੱਲ ਦਾ ਰੌਜ਼ਾ ਦੇਖਣ ਵਾਲੇ ਅੰਗ੍ਰੇਜ਼ ਸੈਲਾਨੀ ਉਸ ਦੇ ਦਾਦੇ ਦਾ ਮਿਜ਼ਾਰ ਭੀ ਜ਼ਰੂਰ ਦੇਖਦੇ ਹਨ।



Digitized by Panjab Digital Library | www.panjabdigilib.org

# ੨੬. ਮਲਿਕ ਮਸਊਦ

ਇਹ ਨਾਮ ਓਸ ਨੇਕ ਦਿਲ ਸੁਦਾਗਰ ਦਾ ਹੈ ਜਿਸ ਨੇ ਨੂਰ ਜਹਾਂ ਨੂੰ ਕੰਧਾਰ ਦੇ ਜੰਗਲ ਵਿੱਚੋਂ ਤਰਸ ਖਾ ਕੇ ਚੁਕ ਲਿਆਂਦਾ ਸੀ। ਜੇ ਓਸ ਵੇਲੇ ਜ਼ਰਾ ਭੀ ਘਾਉਲ ਹੋ ਜਾਂਦੀ ਤਾਂ ਪਤਾ ਨਹੀਂ ਹਿੰਦੁਸਤਾਨ ਦੇ ਇਤਿਹਾਸ ਵਿੱਚ ਨੂਰ ਜਹਾਂ ਬਾਦਸ਼ਾਹ ਬੇਗਮ ਦਾ ਨਾਮ ਦਰਜ ਵੀ ਹੋ ਸਕਦਾ ਜਾਂ ਨਾ। ਮਿਰਜ਼ਾ ਗ਼ਿਆਸ ਮਲਿਕ ਮਸਊਦ ਦਾ ਬੜਾ ਅਹਿਸਾਨਮੰਦ ਸੀ, ਤੇ ਨੂਰ ਜਹਾਂ ਨੂੰ ਭੀ ਆਪਣੇ ਜਨਮ ਦਾ ਹਾਲ ਆਪਣੀ ਮਾਂ ਪਾਸੋਂ ਮਲੂਮ ਹੋ ਚੁੱਕਾ ਸੀ। ਉਹ ਮਸਊਦ ਨੂੰ ਅਨਫ਼ਰ ਬਾਬਾ ਕਹਿਕੇ ਪਿਆਰ ਕਰਦੀ ਹੁੰਦੀ ਸੀ। ਉਹ ਭੀ ਹਰ ਫੇਰੇ ਇਨ੍ਹਾਂ ਨੂੰ ਆ ਕੇ ਮਿਲਦਾ, ਤੇ ਬਹੁਤ ਸਾਰੀਆਂ ਸੁਗਾਤਾਂ ਆਪਣੀ ਲੈ ਪਾਲਕ (ਗੱਦੇ ਪਾਈ) ਧੀ ਨੂੰ ਦੇਂਦਾ ਹੁੰਦਾ ਸੀ। ਜਦੋਂ ਨੂਰ ਜਹਾਂ ਬਾਦਸ਼ਾਹ ਬੇਗਮ ਹੋਈ ਤਾਂ ਮਸਊਦ ਦਾ ਦੇਹਾਂਤ ਹੋ ਚੁੱਕਾ ਸੀ। ਨੂਰ ਜਹਾਂ ਨੇ ਉਸ ਦੇ ਪੁੱਤਰ ਮਲਿਕ ਮਹਮੂਦ ਨੂੰ ਈਰਾਨ ਤੋਂ ਬੁਲਾ ਕੇ ਉਸ ਦੇ ਪਿਉ ਦੇ ਅਹਿਸਾਨਾਂ ਦਾ ਬਦਲਾ ਚੁਕਾਣ ਲਈ ਬਹੁਤ ਸਾਰੀ ਮਦਦ ਕੀਤੀ। ਉਹ ਚਾਹੁੰਦੀ ਸੀ ਕਿ ਮਹਮੂਦ ਨੂੰ ਕੋਈ ਚੰਗਾ ਅਹੁਦਾ ਸ਼ਾਹੀ ਦਰਬਾਰ ਵਿੱਚ ਦਿੱਤਾ ਜਾਵੇ। ਪਰ ਉਸ ਨੇ ਈਰਾਨ ਵਿੱਚ ਰਹਿਣਾ ਹੀ ਪਸੰਦ ਕੀਤਾ। ਵੈਸੇ ਉਸ ਦੀ ਭੈਣ ਭਰਾ ਵਾਲੀ ਸਾਂਝ ਅਖ਼ੀਰ ਦਮ ਤਕ ਬਣੀ ਰਹੀ। ਨੂਰ ਜਹਾਂ ਨੇ ਮਹਮੂਦ ਦੇ ਹੱਥੀਂ ਕੰਧਾਰ ਦੇ ਜੰਗਲ ਵਿੱਚ, ਜਿਸ ਥਾਂ ਉਸ ਨੂੰ ਮਾਂ ਪਿਉ ਇਕੱਲਿਆਂ ਸੁੱਟ ਆਏ ਸਨ, ਇੱਕ ਯਾਦਗਾਰ ਕਾਇਮ ਕਰਵਾਈ। ਗੁੰਬਦ ਸਰਾਂ ਤੇ ਖੂਹ ਲੁਆਇਆ, ਤਾ ਕਿ ਰਾਹੀ ਲੋਕ ਓਥੋਂ ਲੰਘਣ ਤਾਂ ਰੱਬ ਦੀ ਕੁਦਰਤ ਦਾ ਇਹ ਖੇਲ ਵੀ ਯਾਦ ਕਰਨ ਕਿ ਨੂਰ ਜਹਾਂ



Digitized by Panjab Digital Library | www.panjabdigilib.org

ਕੌਣ ਹੈ। ਮਸਊਦ ਸੁਦਾਗਰ ਦੀ ਕਬਰ ਭੀ ਨੂਰ ਜਹਾਂ ਨੇ ਪੰਜਾਹ ਹਜ਼ਾਰ ਰੁਪਏ ਦੇ ਖਰਚ ਨਾਲ ਈਰਾਨ ਵਿੱਚ ਬਣਵਾ ਦਿੱਤੀ। ਇਹ ਨੂਰ ਜਹਾਂ ਦੇ ਦੂਸਰੇ ਬਾਪ ਦੀ ਯਾਦਗਾਰ ਹੈ।

## ੨੭. ਸਮਾਪਤੀ

ਮੁਗ਼ਲ ਖ਼ਾਨਦਾਨ ਦੇ ਇਤਿਹਾਸ ਵਿੱਚ ਜਿੰਨੀ ਨੇਕ ਨਾਮੀ ਤੇ ਹਰ ਮਨ ਪਿਆਰ ਦੀ ਸ਼ੋਭਾ ਅਕਬਰ ਨੇ ਖੱਟੀ, ਜਹਾਂਗੀਰ ਦੀ ਹਾਲਤ ਇਸ ਦੇ ਬਿਲਕੁਲ ਉਲਟ ਸੀ। ਅਕਬਰ ਜਹਾਂਗੀਰ ਨੂੰ ਜਿੰਨਾਂ ਆਪਣੀਆਂ ਅੱਖਾਂ ਦੇ ਸਾਹਮਣੇ ਰੱਖਣ ਲਈ ਬੇਕਰਾਰ ਸੀ ਓਨਾਂ ਹੀ ਜਹਾਂਗੀਰ ਪਿਤਾ ਤੋਂ ਦੂਰ ਦੂਰ ਰਹਿਣਾ ਚਾਹੁੰਦਾ ਸੀ। ਅਕਬਰ ਮੁਗ਼ਲ ਹਕੂਮਤ (**Mughal Empire**) ਦੀਆਂ ਜੜ੍ਹਾਂ ਪੱਕੀਆਂ ਕਰਦਾ ਸੀ ਤੇ ਜਹਾਂਗੀਰ ਦੇ ਸਾਹਮਣੇ ਬਾਬਰ ਦਾ ਇੱਕ ਸ਼ਿਅਰ ਸੀ, "ਹੇ ਬਾਬਰ ! ਐਸ਼ ਕਰੀ ਚੱਲ; ਕਿ ਦੁਨੀਆ ਦੁਬਾਰਾ ਨਹੀਂ ਮਿਲਦੀ।" ਇਸ ਦਾ ਅਸਲ ਕਾਰਣ ਇਹ ਸੀ ਕਿ ਜਹਾਂਗੀਰ ਨੂੰ ਉਸ ਦੇ ਭੈੜਿਆਂ ਸੁਹਬਤੀਆਂ ਨੇ ਪਿਉ ਨਾਲੋਂ ਨਿਖੇੜ ਛੱਡਿਆ ਸੀ। ਉਹ ਅਕਬਰ ਦੇ ਸਾਹਮਣੇ ਹੋਣ ਤੋਂ ਹਮੇਸ਼ਾਂ ਕਨਿਆਉਂਦਾ ਰਿਹਾ। ਇਸ ਵਿੱਚ ਹਾਸ਼ੀਆ ਨਸ਼ੀਨਾਂ ਦਾ ਉੱਲੂ ਸਿੱਧਾ ਹੁੰਦਾ ਸੀ। ਉਹ ਹਰ ਵੇਲੇ ਉਸ ਦੇ ਮੂੰਹ ਨਾਲ ਸ਼ਰਾਬ ਦੀ ਠੂਠੀ ਲਾਈ ਰੱਖਦੇ ਸਨ । ਬਾਪ ਨਾਲੋਂ ਨਿਖੇੜੀ ਰੱਖਣਾ, ਨਾ ਉਸ ਦੀ ਅਕਲ ਟਿਕਾਣੇ ਹੁੰਦੀ ਸੀ ਤੇ ਨਾਂ ਸਿਹਤ ਅੱਛੀ ਰਹਿੰਦੀ ਸੀ। ਜਹਾਂਗੀਰ ਤੋਂ ਐਨੀਆਂ ਗ਼ਲਤੀਆਂ ਹੋਈਆਂ ਜੋ ਹਰ ਇਕ ਬਾਪ ਮੁਆਫ਼ ਨਹੀਂ ਕਰ ਸਕਦਾ, ਪਰ ਅਕਬਰ ਦਾ ਦਿਲ ਵੱਡਾ ਸੀ ਉਹ ਇਕਲੌਤੇ ਪੁੱਤਰ ਦੀ ਹਰ ਗ਼ਲਤੀ ਨੂੰ ਟਾਲ ਛੱਡਦਾ ਸੀ। ਜਹਾਂਗੀਰ ਕ੍ਰੋਧੀ ਵੀ ਬੜਾ ਸੀ ਤੇ ਸ਼ੁਤਰਕੀਨਾ



Digitized by Panjab Digital Library | www.panjabdigilib.org

(ਹਡ ਵੈਰੀ) ਵੀ ਸੀ। ਜੀਉਂਦੇ ਆਦਮੀਆਂ ਦੀਆਂ ਖੱਲਾਂ ਉਸਨੇ ਉਤਰਵਾਈਆਂ। ਅਬੁਲਫ਼ਜ਼ਲ ਜੈਸੇ ਦਾਨਸ਼ਮੰਦ ਵਿਦਵਾਨ ਤੇ ਰਾਜ ਦੇ ਵਫ਼ਾਦਾਰ ਨੂੰ ਉਸ ਨੇ ਮਰਵਾ ਦਿੱਤਾ। ਬਾਪ ਤੋਂ ਚੋਰੀ ਚੋਰੀ ਇੱਕ ਵੱਖਰੀ ਸਲਤਨਤ ਦੀ ਨੀਂਹ ਉਸ ਨੇ ਬੱਧੀ। ਏਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਮੇਵਾਰ ਨਿਰਾ ਜਹਾਂਗੀਰ ਨੂੰ ਹੀ ਠਹਿਰਾਇਆ ਨਹੀਂ ਜਾ ਸਕਦਾ, ਸਗੋਂ ਉਸ ਦੇ ਕਮੀਨੇ ਤੇ ਬਦਜ਼ਾਤ ਸੁਹਬਤੀਆਂ ਨੂੰ ਜੋ ਆਪਣੇ ਪੇਟ ਪਾਲਣ ਲਈ ਸ਼ਹਿਜ਼ਾਦੇ ਨੂੰ ਅਹਿਮਕ ਬਣਾਈ ਰੱਖਦੇ ਸਨ। ਗੱਲ ਕੀ ਨਾ ਕੇਵਲ ਅਕਬਰ ਦੀ ਅੰਦਰ ਸਾਰੀ ਉਮਰ ਧੁਖਦੀ ਰਹੀ, ਸਗੋਂ ਦਰਬਾਰ ਦੇ ਅਹਿਲਕਾਰ ਵੀ ਉਸ ਦੇ ਹੱਥੋਂ ਸਤੇ ਹੋਏ ਸਨ। ਸਾਰਿਆਂ ਦੀ ਸਲਾਹ ਬਣ ਚੁੱਕੀ ਸੀ ਕਿ ਜਹਾਂਗੀਰ ਤਖਤ ਸੰਭਾਲਣ ਦੇ ਲਾਇਕ ਨਹੀਂ। ਖਿਸਰੋ ਜਾਂ ਖ਼ੁੱਰਮ ਨੂੰ ਤਖਤ ਦਾ ਵਾਰਸ ਬਣਾਇਆ ਜਾਏ। ਪਰ ਅਕਬਰ ਅਖ਼ੀਰ ਤਕ ਮੁਆਫ਼ ਕਰੀ ਜਾਂਦਾ ਰਿਹਾ। ਸਿਰਫ਼ ਮੌਤ ਵਾਲੇ ਦਿਨ ਉਸ ਨੇ ਪੁੱਤਰ ਦਾ ਮੂੰਹ ਦੇਖਿਆ ਤੇ ਅਹਿਲਕਾਰਾਂ ਨਾਲ ਸੁਲਹ ਸਫ਼ਾਈ ਕਰਵਾ ਕੇ ਅੱਖਾਂ ਮੀਟੀਆਂ।

ਜਹਾਂਗੀਰ ਬੜਾ ਨਸੀਬਾਂ ਵਾਲਾ ਸੀ ਕਿ ਉਸ ਨੂੰ ਇਹੋ ਜਿਹਾ ਬਾਪ ਮਿਲ ਗਿਆ, ਨਹੀਂ ਤਾਂ ਉਸ ਵਿੱਚ ਤਖਤ ਦਾ ਹੱਕਦਾਰ ਬਣਨ ਵਾਲੀ ਕੋਈ ਖ਼ੂਬੀ ਨਹੀਂ ਸੀ। ਐਸੇ ਵਿਗੜੇ ਹੋਏ ਬਾਦਸ਼ਾਹ ਨੂੰ ਸੁਧਾਰ ਕੇ ਇਸ ਤਰ੍ਹਾਂ ਦਾ ਕਾਮਯਾਬ ਸ਼ਹਿਨਸ਼ਾਹ ਬਣਾ ਦੇਣ ਵਾਲੀ ਜੇ ਕੋਈ ਸ਼ੈ ਸੀ ਤਾਂ ਉਹ ਨੂਰ ਜਹਾਂ ਦੀ ਸ਼ਖਸੀਅਤ ਸੀ। ਜੇ ਨੂਰ ਜਹਾਂ ਦਾ ਵਜੂਦ ਵਿੱਚ ਆ ਕੇ ਖਲੋ ਨਾ ਜਾਂਦਾ ਤਾਂ ਜਹਾਂਗੀਰ ਨੂੰ ਉਸ ਦੇ ਮਤਲਬੀ ਯਾਰਾਂ ਨੇ ਤਬਾਹ ਕਰ ਛੱਡਣਾ ਸੀ, ਜਾਂ ਉਸ ਨੇ ਪੁੱਤਰਾਂ ਦੀ ਕੈਦ ਵਿਚ ਹੀ



Digitized by Panjab Digital Library | www.panjabdigilib.org

ਮਰ ਜਾਣਾ ਸੀ। ਇਹ ਨੂਰ ਜਹਾਂ ਦੀ ਵਫ਼ਾਦਾਰੀ ਸੀ ਜਿਸ ਨੇ ਜਹਾਂਗੀਰ ਨੂੰ ਜਹਾਂਗੀਰ ਬਣਾਈ ਰੱਖਿਆ। ਜੇ ਨੂਰ ਜਹਾਂ ਵਿੱਚ ਨਾ ਹੁੰਦੀ ਤਾਂ ਨਾ ਏਤਮਾਦੁੱਦੌਲਾ ਦੀ ਇਹ ਸ਼ਾਨ ਹੁੰਦੀ ਨਾ ਹੀ ਆਸਫ਼ ਜਾਹ ਦੀ, ਪਰ ਉਸ ਜ਼ਾਲਮ ਨੇ ਨਾ ਕੇਵਲ ਭੈਣ ਨੂੰ ਕੈਦ ਹੀ ਕੀਤਾ ਸਗੋਂ ਉਸ ਦੇ ਜਵਾਈ ਨੂੰ ਪਹਿਲਾਂ ਅੰਨ੍ਹਿਆਂ ਕਰਵਾਇਆ ਫਿਰ ਕਤਲ ਕਰਵਾ ਦਿੱਤਾ, ਉਹ ਸੀ ਭੈਣ ਦਾ ਅਹਿਸਾਨ ਤੇ ਇਹ ਸੀ ਭਰਾ ਦਾ ਬਦਲਾ।

ਕੁਦਰਤ ਭੀ ਐਨੀ ਕੰਜੂਸ ਨਿਕਲੀ ਕਿ ਨੂਰ ਜਹਾਂ ਨੂੰ ਸੋਲਾਂ ਸਤਾਰਾਂ ਸਾਲ ਜਹਾਂਗੀਰ ਦੇ ਘਰ ਵਸਾ ਕੇ ਇੱਕ ਬੱਚਾ ਭੀ ਨਾ ਦਿੱਤਾ। ਦੁਨੀਆ ਵਿੱਚ ਆਲ ਹੈ ਜਾਂ ਔਲਾਦ, ਨੂਰ ਜਹਾਂ ਦਾ ਸਾਰਾ ਅੰਦਰ ਦਾ ਪਿਆਰ ਆਪਣੀ ਇਕੋ ਇੱਕ ਬੱਚੀ ਲਾਡਲੀ ਬੇਗਮ ਉੱਤੇ ਬਰਸ ਰਿਹਾ ਸੀ। ਆਪਣੇ ਧੀ ਜੁਆਈ ਵਾਸਤੇ ਕੋਸ਼ਸ਼ ਕਰਨਾ ਕੁਦਰਤੀ ਗੱਲ ਸੀ। ਉਹ ਔਰਤ ਜ਼ਾਤ ਸੀ ਤੇ ਇਨਸਾਨ ਸੀ, ਫਰਿਸ਼ਤਾ ਨਹੀਂ ਸੀ। ਉਸ ਨੂੰ ਅਖੀਰ ਦਮ ਤਕ ਕਾਮਯਾਬੀ ਦੀ ਪੂਰੀ ਆਸ ਸੀ, ਪਰ ਅਚਣਚੇਤ ਬਾਦਸ਼ਾਹ ਦੀ ਤਬੀਅਤ ਖਰਾਬ ਹੋ ਜਾਣ ਨੇ ਸਾਰਾ ਖੇਲ ਵਿਗਾੜ ਦਿੱਤਾ। ਜੇਕਰ ਨੂਰ ਜਹਾਂ ਦਾ ਦਿਲ ਭੀ ਐਸਾ ਹੀ ਪੱਥਰ ਹੁੰਦਾ ਜੈਸਾ ਕਿ ਆਸਫ਼ ਜਾਹ ਦਾ ਸਾਬਤ ਹੋਇਆ ਤਾਂ ਉਹ ਕਾਫ਼ੀ ਸਜ਼ਾ ਭਰਾ ਨੂੰ ਦੇ ਸਕਦੀ ਸੀ। ਜੇ ਉਸ ਨੂੰ ਮਹਾਬਤ ਖਾਂ ਦੀ ਕੈਦ ਵਿੱਚ ਹੀ ਮਰ ਜਾਣ ਦੇਂਦੀ ਤਾਂ ਜਹਾਂਗੀਰ ਦੀ ਮੌਤ ਦੇ ਵੇਲੇ ਉਹ ਇਸ ਤਰ੍ਹਾਂ ਦਾ ਜ਼ੁਲਮ ਨਾ ਕਰ ਸਕਦਾ। ਪਰ ਸਚਾਈ ਇਹ ਹੈ ਕਿ ਔਰਤ ਦਾ ਦਿਲ ਬੜਾ ਨਰਮ ਹੁੰਦਾ ਹੈ। ਨੂਰ ਜਹਾਂ ਦੇ ਸੁਪਨੇ ਵਿੱਚ ਭੀ ਇਹ ਖਿਆਲ ਨਹੀਂ ਸੀ ਕਿ ਉਸ ਦਾ ਸੱਕਾ ਭਰਾ ਐਡਾ ਜ਼ਾਲਮ ਨਿਕਲੇਗਾ, ਪਰ ਇਸ ਨਾਲਾਇਕ ਤੋਂ ਐਨਾ ਭੀ ਨਾ ਹੋ ਸਕਿਆ



Digitized by Panjab Digital Library | www.panjabdigilib.org

ਕਿ ਸ਼ਹਿਰਯਾਰ ਨੂੰ ਜੀਉਂਦਾ ਰਹਿਣ ਦੇਂਦਾ ਤੇ ਥੋੜੀ ਜਿਹੀ ਜਾਗੀਰ ਲੁਆ ਕੇ ਭੈਣ ਦੀਆਂ ਆਂਦਰਾਂ ਠਾਰ ਛੱਡਦਾ।

ਅਖੀਰ ਵਿੱਚ ਮੈਂ ਨੂਰ ਜਹਾਂ ਨੂੰ ਆਫ਼ਰੀਨ ਕਹਿੰਦਾ ਹਾਂ, ਕਿ ਉਸ ਨੇ ਔਰਤ ਹੋ ਕੇ ਮਰਦਾਂ ਵਾਲਾ ਹੌਸਲਾ ਕੀਤਾ। ਉਸ ਨੇ ਏਹ ਸਾਰੇ ਜ਼ੁਲਮ ਬੜੇ ਸਬਰ ਨਾਲ ਸਹਾਰੇ, ਤੇ ਰੱਬ ਦੀ ਬੰਦਗੀ ਦੀ ਮਰ੍ਹਮ ਨਾਲ ਆਪਣੇ ਦਿਲ ਦੇ ਜ਼ਖ਼ਮਾਂ ਨੂੰ ਠੰਢਿਆਂ ਕਰਦੀ ਰਹੀ। ਆਪਣੀ ਸਾਰੀ ਜਾਇਦਾਦ ਤੇ ਜਾਗੀਰ ਦੀ ਸਾਰੀ ਆਮਦਨੀ ਗਰੀਬਾਂ, ਮਿਸਕੀਨਾਂ, ਯਤੀਮਾਂ ਤੇ ਨਿਆਸਰਿਆਂ ਨਿਮਾਣਿਆਂ ਦੇ ਮੂੰਹ ਵਿੱਚ ਪਾਉਂਦੀ ਰਹੀ। ਏਥੋਂ ਤੀਕ ਕਿ ਆਪਣੇ ਹਮੇਸ਼ਾਂ ਦੀ ਨੀਂਦ ਸੌਣ ਵਾਸਤੇ ਵੀ ਮਾਮੂਲੀ ਕਬਰ ਤੋਂ ਸਿਵਾ ਕੁਝ ਨਹੀਂ ਚਾਹਿਆ। ਜੋ ਕੁਝ ਪੱਲੇ ਸੀ, ਸਭ ਰੱਬ ਦੇ ਰਾਹ ਵਿੱਚ ਖਰਚ ਕਰ ਦਿੱਤਾ। ਹਜ਼ਾਰਾਂ ਲਾਵਾਰਸ ਤੇ ਯਤੀਮ ਕੁੜੀਆਂ ਨੂੰ ਆਪਣੇ ਖਰਚ ਨਾਲ ਵਿਆਹ ਗਈ। ਪੰਜਾਬ ਤੇ ਪੰਜਾਬੀਆਂ ਲਈ ਇੱਕ ਫ਼ਖ਼ਰ ਦੀ ਜਗ੍ਹਾ ਹੈ ਕਿ ਇਸ ਧਰਤੀ ਉੱਤੇ ਇਹੋ ਜਿਹੀ ਫਰਿਸ਼ਤਾ ਖਿਆਲ ਬਾਦਸ਼ਾਹ ਬੇਗਮ ਦਾ ਮਕਬਰਾ ਮੌਜੂਦ ਹੈ, ਜਿਸ ਦੇ ਦਾਨ ਤੇ ਸਖ਼ਾਵ੍ਤ ਦਾ ਚਰਚਾ ਹਰ ਇੱਕ ਜ਼ਬਾਨ ਤੇ ਚੜ੍ਹਿਆ ਹੋਇਆ ਸੀ। ਉਸ ਦੀ ਆਪਣੀ ਕਬਰ ਉੱਤੇ ਭਾਵੇਂ ਨਾ ਦੀਵਾ ਜਗਦਾ ਹੈ ਤੇ ਨਾਂ ਫੁੱਲ ਚੜ੍ਹਦੇ ਹਨ। ਪਰ ਉਸ ਕਬਰ ਦੀ ਮਿੱਟੀ ਵਿਚੋਂ ਚਾਨਣ ਦੀਆਂ ਲਾਟਾਂ ਨਿਕਲ ਕੇ ਸਾਰੇ ਜਹਾਨ ਨੂੰ ਨੂਰੋ ਨੂਰ ਕਰ ਰਹੀਆਂ ਹਨ।

ਅਗਲੇ ਸਫ਼ਿਆਂ ਤੇ ਓਸ ਦੀ ਨੂਰਾਨੀ ਰੂਹ ਅੱਗੇ ਕੁਝ ਸ਼ਰਧਾ ਦੇ ਫੁੱਲ ਛੰਦਾ-ਬੰਦੀ ਅੱਖਰਾਂ ਵਿੱਚ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਇਤਿਹਾਸ ਤੇ ਓਹੋ ਹੈ ਪਰ ਬੜਾ ਸੰਖੇਪ ਤੇ ਕਾਵਿ ਮਈ ਤ੍ਰੀਕੇ ਦਾ ਹੈ। ਛੰਦ ਦੋਹਾ ਹੈ, ਜੋ ਮਿਰਜ਼ਾ ਸਾਹਿਬਾਂ ਵਿੱਚ



Digitized by Panjab Digital Library | www.panjabdigilib.org

ਗਾਇਆ ਜਾਂਦਾ ਹੈ। ਉਮੈਦ ਹੈ ਕੋਈ ਚੰਗਾ ਗਾਉਣ ਵਾਲਾ ਇਸ ਨੂੰ ਸੁਣਾ ਕੇ ਨੂਰ ਜਹਾਂ ਦੀ ਵਿਸਰੀ ਹੋਈ ਯਾਦ ਨੂੰ ਤਾਜ਼ਾ ਕਰਾਇਆ ਕਰੇਗਾ।

"ਖ਼ੁਦਾਈ ਦੀ ਖ਼ਿਦਮਤ ਖ਼ੁਦਾ ਨੂੰ ਸੁਖਾਵੇ
ਖ਼ੁਦਾ ਦੀ ਇਬਾਦਤ ਖ਼ੁਦਾਈ ਨੂੰ ਭਾਵੇ
ਮੁਬਾਰਕ ਹੈ ਉਹ ਨੇਕ ਦਿਲ ਬੰਦਾ 'ਚਾਤ੍ਰਿਕ'
ਜੋ ਦੁਨੀਆਂ ਰਖੇ ਦੀਨ ਨੂੰ ਭੀ ਨਿਭਾਵੇ।"

ਨੋਟ:—ਇਸ ਜੀਵਨੀ ਦੇ ਤਿਆਰ ਕਰਨ ਵਿੱਚ ਕਾਫ਼ੀ ਮਿਹਨਤ ਹੋ ਚੁਕੀ ਸੀ, ਹੁਣ ਗੁਰਮੁਖੀ ਅੱਖਰਾਂ ਦਾ ਜਾਮਾ ਪਹਿਨ ਕੇ ਪੇਸ਼ ਹੋ ਰਹੀ ਹੈ, ਜੇ ਇਸ ਰਚਨਾ ਵਿੱਚ ਕੋਈ ਨਿੱਗਰ ਜਿੰਦ (Merit) ਹੋਈ ਤਾਂ ਨਿਕਲ ਜਾਏਗੀ, ਵਰਨਾ ਅਗਲੇ ਦਰਬਾਰ ਦੇ ਹਾਲਾਤ ਸਭ ਨੂੰ ਮਲੂਮ ਹਨ, ਪਰ ਸਭ ਤੋਂ ਵੱਧ ਕੇ ਮੈਨੂੰ ਆਪਣੇ ਪੰਜਾਬ ਦੀ ਪਾਠਕ ਜੰਨਤਾ ਉੱਤੇ ਬਹੁਤ ਬੜੀ ਆਸ਼ਾ ਹੈ, ਜੋ ਹਰ ਨਵੀਨ ਰਚਨਾ ਨੂੰ ਹਟੀ ਹਟੀ ਤੋਂ ਟੋਲਦੀ ਰਹਿੰਦੀ ਹੈ।



Digitized by Panjab Digital Library | www.panjabdigilib.org

# ਸ਼ਾਇਰ ਦੀ ਸੱਦ

(ਧਾਰਨਾ—ਮਿਰਜ਼ਾ ਸਾਹਿਬਾਂ)

ਉੱਠ ਨੀ ਨੂਰਾਂ ਬੀਬੀਏ ! ਪਾਸਾ ਤੇ ਪਰਤਾ,
ਤੇਰੀ ਛੇਜ ਹਲੂਣੇ ਕਦੋਂ ਦਾ, ਰਾਵੀ ਖੌਰੂ ਪਾ।

ਖੋਲ੍ਹ ਬਹਿਸ਼ਤੀ ਬਾਰੀਆਂ, ਵੇਖੇਂ ਨਵਾਂ ਜਹਾਨ,
ਪਿਛਲੇ ਪਾਸੇ ਵੱਲ ਵੀ, ਮਾਰੀਂ ਜ਼ਰਾ ਧਿਆਨ।

ਕਿੱਥੇ ਈ ਜਲਵਾ ਹੁਸਨ ਦਾ ? ਕਿੱਥੇ ਈ ਸ਼ਾਹੀ ਤਾਜ ?
ਕਿਸ ਨੂੰ ਸੌਂਪਿਆ ਸਮੇਂ ਨੇ, ਹਿੰਦ ਤੇਰੇ ਦਾ ਰਾਜ ?

ਚੱਕਰ ਫਿਰਿਆ ਕਾਲ ਦਾ, ਪਛੜ ਗਿਆ ਇਕਬਾਲ,
ਪਰ ਤੇਰੀ ਤਾਰੀਖ਼ ਤੇ ਜੀਉਂਦੀ ਏ ਤੇਰੇ ਨਾਲ।

ਇਸ ਰਾਵੀ ਨੇ ਕਰ ਛਡੇ, ਪਾਰ ਕਰੋੜਾਂ ਪੂਰ,
ਤੈਨੂੰ ਸਾਂਭੀ ਰੱਖਣਾ, ਰੱਬ ਨੂੰ ਸੀ ਮਨਜ਼ੂਰ।

ਖੁਰ ਖੁਰ ਕੱਲਰ ਹੋ ਗਿਆ ਫੁੱਲੋਂ ਸੂਹਲ ਸਰੀਰ,
ਖੁਦੀ ਹੋਈ ਹੈ ਦਿਲਾਂ ਤੇ, ਪਰ ਤੇਰੀ ਤਸਵੀਰ।



Digitized by Panjab Digital Library | www.panjabdigilib.org

ਦੀਵਾ ਭੰਬਟ ਨਾ ਰਹੇ, ਨਾ ਬੁਲਬੁਲ ਨਾ ਫੁੱਲ,
ਸ਼ੁਹਰਤ ਤੇਰੇ ਦਾਨ ਦੀ, ਪਰ ਨਹੀਂ ਸਕਦੀ ਭੁੱਲ ।

ਸੂਰਤ, ਦਾਨਸ਼, ਸ਼ਾਇਰੀ, ਚੌਥਾ ਪਤੀ ਪਿਆਰ,
ਚਹੁੰ ਥੰਮ੍ਹਾਂ ਤੇ ਖੜਾ ਹੈ, ਨੂਰਾਨੀ ਮੀਨਾਰ ।

ਰੰਗ ਬਿਰੰਗੀ ਜ਼ਿੰਦਗੀ ਅਜਬ ਉਤਾਰ ਚੜ੍ਹਾ,
ਇਕ ਪਲ ਅੱਥਰ ਕੇਰਦੇ, ਇਕ ਪਲ ਦੇਣ ਖਿੜਾ ।

ਕੁੱਖੇ ਪਈ ਈਰਾਨ ਦੇ, ਅੱਖ ਖੁਲ੍ਹੀ ਕੰਧਾਰ,
ਦਾਣਾ ਪਾਣੀ ਆਗਰੇ ਵਿੱਚ ਲਾਹੌਰ ਮਿਜ਼ਾਰ ।

ਸ਼ੇਰਅਫ਼ਗਨ ਜਿਹਾ ਸ਼ੇਰਦਿਲ ਛੁਟ ਗਿਆ ਕਦਰ ਸ਼ਨਾਸ
ਪਰ ਆਖਰ ਜਹਾਂਗੀਰ ਦੀ ਅੱਖ ਵਿੱਚ ਮਿਲ ਗਿਆ ਵਾਸ।

ਸ਼ਾਹ ਦੀਆਂ ਅੱਖਾਂ ਸਾਹਮਣੇ ਜੇਕਰ ਪੈਂਦੀਓਂ ਚੱਲ,
ਬਣਦਾ ਹਿੰਦੁਸਤਾਨ ਵਿੱਚ ਦੂਜਾ ਤਾਜ ਮਹੱਲ ।

ਕੁਦਰਤ ਖੂੰਜੇ ਪਾ ਛਡੀ ਸੁਹਣਿਆਂ ਦੀ ਸਰਕਾਰ,
ਨਾ ਸ਼ਾਨਾਂ ਦਾ ਮਕਬਰਾ ਨਾ ਉੱਤੇ ਮੀਨਾਰ ।

ਥਾਂ ਥਾਂ ਤ੍ਰੇੜਾਂ ਪਾਟੀਆਂ ਥਾਂ ਥਾਂ ਜਾਪੇ ਖੋੜ,
ਕੌਮਾਂ ਹਿੰਦੁਸਤਾਨ ਦੀਆਂ ਵਿੱਚ ਜਿਵੇਂ ਅਣਜੋੜ ।



Digitized by Panjab Digital Library | www.panjabdigilib.org

ਕਿਰਲੇ, ਕਹਿਣੇ, ਟਿੱਡੀਆਂ ਮੱਲੀ ਬੈਠੇ ਥਾਂ,
ਪਾਇਆ ਗੰਦ ਕਬੂਤਰਾਂ ਸਮਝੀ ਕੋਈ ਸਰਾਂ।

ਤੂੰ ਪਰ ਅੱਖਾਂ ਮੀਟ ਕੇ ਸਭ ਕੁਝ ਲਿਆ ਸਹਾਰ,
ਸਿਰ ਤੋਂ ਰੋਜ਼ ਲੰਘਾਨੀ ਏਂ ਸੈ ਰੇਲਾਂ ਦਾ ਭਾਰ।

---

## ਜਨਮ

ਖ਼੍ਵਾਜਾ ਮੁਹੰਮਦ ਸ਼ਰੀਫ਼ ਇੱਕ ਈਰਾਨੀ ਸਰਦਾਰ,
ਮੁਹਰਾ ਸੀ ਦਰਬਾਰ ਦਾ ਦਾਨਾ ਇੱਜ਼ਤਦਾਰ।

ਹਾਕਮ ਰਿਹਾ ਹਿਰਾਤ ਦਾ ਫਿਰ ਬਣ ਗਿਆ ਵਜ਼ੀਰ,
ਉਸ ਦੇ ਪੁੱਤ ਗ਼ਿਆਸ ਦੀ ਰੁੱਸ ਗਈ ਤਕਦੀਰ।

ਰਿਜਕ ਮੁਹਾਰਾਂ ਚੁੱਕੀਆਂ ਪਿਆ ਦਿਨਾਂ ਦਾ ਫੇਰ,
ਦਾਨਸ਼ ਤੇ ਇਕਬਾਲ ਦੇ ਦਿੱਤੇ ਪੈਰ ਉਖੇੜ।

ਦਾਣੇ ਪਾਣੀ ਹਿੰਦ ਦੇ ਖਿੱਚੀ ਅੰਦਰੋਂ ਤਾਰ,
ਚਾਰੇ ਕੰਨੀਆਂ ਝਾੜ ਕੇ ਛਡ ਤੁਰਿਆ ਘਰ ਬਾਰ।

ਨਾਲੇ ਤ੍ਰੀਮਤ ਤੁਰ ਪਈ ਕੁੱਖੇ ਲੈ ਕੇ ਬਾਲ,
ਅੱਗੇ ਅੱਗੇ ਕਾਫ਼ਲਾ ਗ਼ੁਰਬਤ ਨਾਲੋ ਨਾਲ।



Digitized by Panjab Digital Library | www.panjabdigilib.org

ਰਾਹ ਵਿਚ ਪੀੜਾਂ ਉੱਠੀਆਂ ਨਾ ਦਾਈ ਨਾ ਦੰਮ,
ਅੱਧੀ ਰਾਤੀਂ ਤੜਫ ਕੇ ਮਾਂ ਨੂੰ ਪਿਆ ਵਿਅੰਮ।

ਜੰਮੀਓਂ ਵਾਂਗ ਸ਼ਕੁੰਤਲਾ, ਮਿਲਿਆ ਵਾਸ ਉਜਾੜ,
ਨਾ ਮਾਂ ਹਿੱਕੇ ਲਾਇਆ, ਨਾਂ ਮੂੰਹ ਪਾਈ ਧਾਰ।

ਉੱਤੇ ਪਾਟਾ ਪੋਤੜਾ ਥੱਲੇ ਸੁੱਕਾ ਘਾਹ,
ਨਾ ਸੁੱਟਣ ਦਾ ਹੌਂਸਲਾ ਨਾ ਪਾਲਣ ਦੀ ਵਾਹ।

ਓੜਕ ਰੋ ਧੋ ਮਾਪਿਆਂ ਆਂਦਰ ਦਿੱਤੀ ਤੋੜ,
ਸੁਟ ਗਏ ਟੁਕੜੀ ਚੰਦ ਦੀ ਰੱਬ ਨੂੰ ਰਾਖਾ ਛੋੜ।

ਰੋਂਦਿਆਂ ਤੈਨੂੰ ਵੇਖ ਕੇ ਹੱਸ ਪਈ ਤਕਦੀਰ,
ਹਿੰਦ ਦੀਏ ਪਟਰਾਣੀਏ ! ਕਿਉਂ ਹੋਵੇਂ ਦਿਲਗੀਰ ?

ਜਿੱਥੋਂ ਬੋਟੀ ਟੁੱਟੀ ਏਂ ਓਥੇ ਈ ਦੇਸਾਂ ਜੋੜ,
ਉਹਨੀਂ ਥਣੀਂ ਚੁੰਘਾਵਸਾਂ ਦੂੰਹ ਘੜੀਆਂ ਦੀ ਲੋੜ।

ਤੜਕੇ ਤੁਰਿਆ ਕਾਫ਼ਲਾ ਉੱਠੀ ਬਾਂਗ ਦਰਾ,
ਕਿਸਮਤ ਅੱਗੋਂ ਬਹੁੜ ਕੇ ਦਿੱਤਾ ਢੋ ਢੁਕਾ।

ਤੂੰ ਰਾਹ ਜਾਂਦੇ ਧਿਆਨ ਨੂੰ ਆਪੇ ਲਿਆ ਵੰਗਾਰ,
ਵੇਖ ਸਜਾਈ ਵਿਲਕਦੀ ਪੰਘਰ ਪਿਆ ਪਿਆਰ।



Panjab Digital Library | www.pa

ਸੌਦਾਗਰ ਮਸਊਦ ਨੇ ਤੈਨੂੰ ਲਿਆ ਉਠਾ,
ਮਾਂ ਤੇਰੀ ਨੂੰ ਲੱਭ ਕੇ ਗੱਦੇ ਦਿੱਤਾ ਪਾ।

ਬੋਹਣੀ ਹੋਈ ਨਸੀਬ ਦੀ ਖੁਲ੍ਹ ਪਿਆ ਰੁਜ਼ਗਾਰ,
ਤਲਬ ਲਗੀ, ਰੋਟੀ ਜੁੜੀ, ਪੈਦਲ ਹੋਈ ਸਵਾਰ।

ਰੁਲਦਾ ਵੇਖ ਗ਼ਿਆਸ ਨੂੰ ਸੁਣ ਸੌਦਾਗਰ ਹਾਲ,
ਬਾਹੋਂ ਫੜ ਜਾ ਮੇਲਿਆ, ਅਕਬਰ ਸ਼ਾਹ ਦੇ ਨਾਲ।

ਦਿਨ ਜਦ ਹੋਵਣ ਪੱਧਰੇ ਉੱਗਣ ਭੁੱਜੇ ਮਾਂਹ,
ਰੱਬ ਫੜਾਈ ਸ਼ਾਹ ਨੂੰ ਪਿਉ ਤੇਰੇ ਦੀ ਬਾਂਹ।

ਤੌਰ ਤਰੀਕਾ ਵੇਖ ਕੇ ਅਕਬਰ ਲਿਆ ਪਛਾਣ,
ਰੱਖ ਲਿਆ ਦਰਬਾਰ ਵਿੱਚ, ਮਹਿਲੀਂ ਆਉਣ ਜਾਣ।

ਮਾਂ ਤੇਰੀ ਦਾ ਪੈ ਗਿਆ ਬੇਗਮ ਨਾਲ ਸਹੇਲ,
ਸ਼ਾਹੀ ਟੱਬਰ ਨਾਲ ਨਿੱਤ ਹੋਵੇ ਤੇਰਾ ਮੇਲ।

ਇਲਮ, ਸਲੀਕਾ, ਸ਼ਾਇਰੀ, ਦਾਨਸ਼, ਮਿੱਠਾ ਬੋਲ,
ਨੱਸੀਆਂ ਪੰਜੇ ਦੌਲਤਾਂ ਆਈਆਂ ਤੇਰੇ ਕੋਲ।

ਨਾਮ ਰਖਾ "ਮਿਹਰੁਲਨਿਸਾ" ਲੱਗੀਓਂ ਹੋਣ ਜਵਾਨ,
ਚੰਦ ਈਰਾਨੀ ਹੁਸਨ ਦਾ ਚਮਕਿਆ ਹਿੰਦੁਸਤਾਨ।



Panjab Digital Library | www.pa

ਵਿਹਲਿਆਂ ਬਹਿ ਕੇ ਰੱਬ ਨੇ ਲੀਕੀ ਸੀ ਤਸਵੀਰ,
ਸੱਤਰ ਹਿੱਸੇ ਰੂਪ ਦੇ ਤੀਹ ਹਿੱਸੇ ਤਕਦੀਰ।

ਨੈਣ ਮਮੋਲੇ ਸ਼ਰਬਤੀ, ਜ਼ੁਲਫ਼ਾਂ ਕੁੰਡਲਦਾਰ,
ਮੱਥੇ ਡਲ੍ਹਕ ਮਤਾਬ ਦੀ ਹੰਸਾਂ ਦੀ ਰਫਤਾਰ।

ਅਕਬਰ, ਕਲੀ ਅਨਾਰ ਦੀ ਤੋੜ ਛਡੀ ਚਿਣਵਾ,
ਤੇਰੀ ਮਹਿਕ ਸਲੀਮ ਨੂੰ ਭੌਰਾ ਲਿਆ ਬਣਾ।

ਇੱਕ ਕਬੂਤਰ ਉਡ ਗਿਆ, ਦੂਜਾ ਆਪ ਉਡਾ,
ਚੋਭੀ ਨਸ਼ਤਰ ਵਾਂਗ ਤੂੰ ਭੋਲੀ ਜਿਹੀ ਅਦਾ।

ਪਾਰਸ ਦੀ ਨੂਰੀ ਪਰੀ ਲਗਾ ਸਲੀਮ ਉਡਾਣ,
ਪਰ ਅਕਬਰ ਦੀ ਤਾੜ ਨੇ ਪੇਸ਼ ਨ ਦਿੱਤੀ ਜਾਣ।

ਤੇਰਾ ਅਕਦ ਪੜ੍ਹਾ ਕੇ ਅਲੀ ਕੁਲੀ ਦੇ ਨਾਲ,
ਅੱਖੀਓਂ ਉਹਲੇ ਕਰਨ ਲਈ ਜਾ ਸੁੱਟਿਆ ਬੰਗਾਲ।

ਪਿਉ ਦੇ ਸਿਰ ਤੇ ਬੈਠਿਆਂ ਚੱਲੀ ਕੋਈ ਨ ਵਾਹ,
ਤੈਨੂੰ ਨਾਲ ਬਹਾਣ ਦੀ ਦੱਬੀ ਰੱਖੀ ਭਾਹ।

---



Digitized by Panjab Digital Library | www.panjabdigilib.org

# ਨਵਾਂ ਦੌਰ

ਅਕਬਰ ਅੱਖਾਂ ਮੀਟੀਆਂ ਵਾਗ ਫੜੀ ਜਹਾਂਗੀਰ,
ਤੈਨੂੰ ਪਿੰਜਰੇ ਪਾਣ ਦੀ ਕਰਨ ਲਗਾ ਤਦਬੀਰ।

ਸ਼ੇਰ ਅਫ਼ਗਨ ਨੂੰ ਭੇਜਿਆ ਪਰਦੇ ਨਾਲ ਸਨਾਂਹ,
"ਮਿਹਰ-ਨਿਸਾ" ਨੂੰ ਛੱਡ ਦੇ, ਅੱਗੋਂ ਹੋਈ ਨਾਂਹ।

ਅੱਗੇ ਲੱਗੀ ਅੱਗ ਸੀ, ਉੱਤੋਂ ਪੈ ਗਿਆ ਤੇਲ,
ਅਫ਼ਗਨ ਨੂੰ ਮਰਵਾਣ ਦਾ ਨਵਾਂ ਰਚਾਇਆ ਖੇਲ।

ਕੋਕੇ ਕੁਤਬੁੱਦੀਨ ਦੇ ਹੱਥੋਂ ਛੇੜੀ ਛੇੜ,
ਬਰਦਵਾਨ ਵਿੱਚ ਮੱਚਿਆ ਦੋ ਸ਼ੇਰਾਂ ਦਾ ਭੇੜ।

ਸ਼ੇਰ ਅਫ਼ਗਨ ਜਦ ਘਿਰ ਗਿਆ ਖਿੱਚ ਲਈ ਸ਼ਮਸ਼ੇਰ,
ਕੁਤਬ ਦੀਨ ਨੂੰ ਮਾਰ ਕੇ, ਕੀਮਾ ਹੋ ਗਿਆ ਫੇਰ।

ਸੂਹ ਪੁੱਜੀ ਜਹਾਂਗੀਰ ਨੂੰ ਹੋ ਗਿਆ ਸ਼ੇਰ ਹਲਾਲ,
ਜ਼ਬਤ ਕਰਾਇਆ ਮਾਲ ਧਨ ਤੇਰੀ ਡੋਲੀ ਨਾਲ।

ਵਿਕ ਚੁੱਕਾ ਸੀ ਤਦੋਂ ਦਾ, ਤੂੰ ਸੈਂ ਜਦੋਂ ਜਵਾਨ,
ਪੂਰੀ ਹੋਈ ਮੁਰਾਦ ਤੇ ਡੋਰੇ ਲੱਗਾ ਪਾਣ।



Digitized by Panjab Digital Library | www.panjabdigilib.org

ਅੱਗੇ ਸ਼ਾਹੀ ਹੁਕਮ ਦੇ ਤੇਰੀ ਨਹੀਂ ਸੀ ਵਾਹ,
ਤਦ ਵੀ ਤੇਰੀ ਅਣਖ ਨੇ ਕੀਤੀ ਨਾ ਪਰਵਾਹ ।

---

## ਦੂਸਰੀ ਸ਼ਾਦੀ

ਸ਼ੇਰ ਅਫ਼ਗਨ ਦੇ ਸੋਗ ਵਿੱਚ ਬੀਤ ਗਏ ਦਿਨ ਢੇਰ,
ਜਾਗੋ-ਮੀਟੇ ਬਖ਼ਤ ਨੇ ਅੱਖ ਉਘੇੜੀ ਫੇਰ ।

ਮਲ੍ਹਮਾਂ ਲਾ ਲਾ ਵਕਤ ਨੇ ਠੰਢੇ ਕੀਤੇ ਘਾ,
ਬੁੱਲੇ ਸ਼ਾਹੀ ਪਿਆਰ ਦੇ ਬਦਲੀ ਗਏ ਹਵਾ ।

ਹੌਲੀ ਹੌਲੀ ਪਰੀ ਨੂੰ ਸ਼ੀਸ਼ੇ ਲਿਆ ਉਤਾਰ,
ਦਿਲ ਨਜ਼ਰਾਨਾ ਰੱਖ ਕੇ ਕਰ ਦਿੱਤੀ ਮੁਖਤਾਰ ।

ਮਿਹਰ ਨਿਸਾ ਤੋਂ ਬਣ ਗਈ ਮਲਕਾ ਨੂਰ ਜਹਾਨ,
ਕਿਸਮਤ ਬੋਝਿਓਂ ਕੱਢ ਕੇ ਸੌਂਪੀ ਸ਼ਾਹੀ ਸ਼ਾਨ ।

ਹੁਸਨ, ਸਿਆਣਪ, ਸ਼ਾਇਰੀ ਨਾਲ ਇਲਮ ਦਾ ਜ਼ੋਰ,
ਮੱਠੀ ਮਿੱਠੀ ਮੁਸਕਣੀ ਲੋੜ੍ਹਾ ਮਾਰੇ ਹੋਰ ।

ਫੁੱਲ ਕਿਰਨ ਗਲ ਕਰਦਿਆਂ ਨੈਣ ਨਸ਼ੀਲੀ ਭਾਹ,
ਤਕ ਤਕ ਬੁਲਬੁਲ ਚਹਿਕਦੀ ਖੀਵਾ ਹੋਵੇ ਸ਼ਾਹ ।



Digitized by Panjab Digital Library | www.panjabdigilib.org

ਦਿਲ ਦੇ ਤਖਤੋਂ ਸੌਂਕਣਾਂ ਪਰੇ ਪਰੇ ਖਿਸਕਾ,
ਤੇਰੀ ਦਾਨਸ਼ਵਰੀ ਨੇ ਆਸਣ ਲਿਆ ਜਮਾ ।

ਦੋ ਪਿਆਲੇ ਇਕ ਸੀਖ਼ ਤੋਂ ਵਣਜ ਲਿਆ ਤੂੰ ਸ਼ਾਹ,
ਐਸਾ ਵਿਛਿਆ ਹੱਥ ਤੇ ਪਲਕ ਨ ਕਰੇ ਵਿਸਾਹ ।

ਘਿਉ ਵਿਚ ਪੰਜੇ ਉਂਗਲਾਂ ਤਾਬੇ ਹਿੰਦੁਸਤਾਨ,
ਇੱਕ ਮੁੱਠ ਵਿੱਚ ਦਰਬਾਰ ਸੀ, ਦੂਜੀ ਵਿਚ ਸੁਲਤਾਨ।

ਅਰਜ਼ਾਂ ਤੇ ਦਰਖ਼ਾਸਤਾਂ, ਪਰਵਾਨੇ ਚਾਲਾਨ,
ਲੰਘਣ ਤੇਰੀ ਨਿਗਹ ਵਿਚ ਸਭ ਸ਼ਾਹੀ ਫਰਮਾਨ ।

ਭੈਣ, ਭਰਾ ਤੇ ਬਾਪ ਦਾ ਐਨਾ ਸੀ ਗਠ ਜੋੜ,
ਕੋਈ ਤੇਰੇ ਹੁਕਮ ਨੂੰ ਮੂਲ ਨਾ ਸੱਕੇ ਮੋੜ ।

ਕਰਨ ਤਮਾਸ਼ਾ ਪੁਤਲੀਆਂ ਤੇਰੀ ਸੈਨਤ ਨਾਲ,
ਮੁਹਰੇ ਸਭ ਸ਼ਤਰੰਜ ਦੇ ਚੱਲਣ ਤੇਰੀ ਚਾਲ ।

ਭਰ ਭਰ ਆਉਣ ਟੋਕਰੇ ਮਿਸਲਾਂ ਦੇ ਅੰਬਾਰ,
ਨਾਂ ਧਰ ਕੇ ਸੁਲਤਾਨ ਦਾ ਤੂੰ ਤੋਰੇਂ ਸਭ ਕਾਰ ।

---



Digitized by Panjab Digital Library | www.panjabdigilib.org

# ਦਾਨਸ਼ਮੰਦੀ

ਤੂੰ ਸੈਂ ਆਪਣੇ ਸਮੇਂ ਦੀ ਦਾਨੀ ਤੇ ਪਰਧਾਨ,
ਤੈਥੋਂ ਥਰ ਥਰ ਕੰਬਦੇ ਰਹੇ ਸਿਆਸਤ ਦਾਨ।

ਪਿਉ ਇਤਬਾਰੀ ਤਖ਼ਤ ਦਾ ਭਾਈ ਆਸਫ ਜਾਹ,
ਫਿਰ ਭੀ ਔਰਤ ਜ਼ਾਤ ਇਕ, ਦੂਜੀ ਬੇ ਹਮਰਾਹ।

ਸੱਜਣ ਇੱਕੋ ਸ਼ਾਹ ਸੀ, ਵੈਰੀ ਕੁੱਲ ਜਹਾਨ,
ਬੱਤੀਆਂ ਦੰਦਾਂ ਵਿਚ ਤੂੰ ਰਹੀਓਂ ਵਾਂਗ ਜ਼ਬਾਨ।

ਜੋ ਗੋਂਦਾਂ ਤੂੰ ਗੁੰਦੀਆਂ ਸਭ ਚੜ੍ਹ ਗਈਆਂ ਤੋੜ,
ਪਰ ਇਕ ਸ਼ਾਹ ਜਹਾਨ ਦਾ ਰਿਹਾ ਰੜਕਦਾ ਰੋੜ।

ਸ਼ਹਿਰਯਾਰ ਸੀ ਪਰਨਿਆ ਤੇਰੀ ਧੀ ਦੇ ਨਾਲ,
ਤਖ਼ਤ ਜਵਾਈ ਬਹਾਣ ਦੀ ਗਲ ਨਾ ਸੱਕੀ ਦਾਲ।

ਆਸਫ਼ ਜਾਹ ਭਰਾ ਦੀ, ਧੀ ਸੀ ਖ਼ੁੱਰਮ ਕੋਲ,
ਭੈਣ ਭਰਾ ਦੇ ਸ਼ੁਰੂ ਸਨ ਗੁੱਝੇ ਗੁੱਝੇ ਘੋਲ।

ਦੋਹਾਂ ਦੇ ਵਿਚ ਤੀਸਰਾ ਆ ਵੜਿਆ ਸ਼ੈਤਾਨ,
ਬਦਬਖ਼ਤੀ ਨੇ ਸੱਦਿਆ ਆਪ ਮਹਾਬਤ ਖਾਨ।



Digitized by Panjab Digital Library | www.panjabdigilib.org

ਸ਼ਾਹ ਕਾਬਲ ਵਲ ਚੱਲਿਆ, ਲਾ ਲਸ਼ਕਰ ਦੇ ਨਾਲ,
ਜਿਹਲਮ ਆਣ ਖਿਲਾਰਿਆ ਨਵਾਂ ਮਹਾਬਤ ਜਾਲ।

ਲਸ਼ਕਰ ਸਾਰਾ ਲੰਘ ਗਿਆ ਦੋੜ੍ਹੇ ਰਹੇ ਉਰਾਰ,
ਪੱਤਣ ਡੱਕਾ ਪਾਇ ਕੇ ਜਾਣ ਨਾ ਦਿੱਤਾ ਪਾਰ।

ਸ਼ਾਹ ਨੂੰ ਪਾ ਕੇ ਪਿੰਜਰੇ ਤੰਬੂ ਵਿਚ ਲਿਜਾ,
ਤੇਰੇ ਕਤਲ ਕਰਾਣ ਦਾ ਹੁਕਮ ਲਿਆ ਲਿਖਵਾ।

ਪੈ ਗਿਆ ਵਖਤ ਪਿਗੰਬਰੀ ਕਿਸਮਤ ਖਾਧੀ ਹਾਰ,
ਹੱਥੀਂ ਪੈਰੀਂ ਬੇੜੀਆਂ ਸਿਰ ਉੱਤੇ ਤਲਵਾਰ।

ਸ਼ਾਹ ਦੇ ਹੋਈ ਸਾਹਮਣੇ ਹਸਰਤ ਦੀ ਤਸਵੀਰ,
ਲਿਫ਼ ਕੇ ਉਸ ਬਖ਼ਸ਼ਾ ਲਈ ਬੰਦੇ ਤੋਂ ਤਕਸੀਰ।

ਐਥੋਂ ਜਾਨ ਛੁਡਾ ਕੇ ਕਾਬਲ ਫੁਰ ਗਿਆ ਦਾ,
ਮੁੜਦੀ ਵਾਰੀ ਰਾਹ ਵਿਚ ਘੇਰਾ ਦਿੱਤਾ ਪਾ।

ਆਪ ਮਹਾਬਤ ਵੱਟ ਕੇ ਫਾਹੀ ਲਈ ਪੁਆ,
ਤੇਰੀ ਦਾਨਸ਼ਵਰੀ ਨੇ ਦੁਸ਼ਮਣ ਲਿਆ ਦਬਾ।

ਨਾਲੇ ਸ਼ਾਹ ਛੁਡਾ ਲਿਆ ਨਾਲੇ ਸਕਾ ਭਰਾ,
ਦੁਸ਼ਮਣ ਦੱਖਣ ਟੁਰ ਗਿਆ ਟਲ ਗਈ ਸਿਰੋਂ ਬਲਾ।



Digitized by Panjab Digital Library | www.panjabdigilib.org

# ਦੂਜਾ ਰੰਡੇਪਾ

ਅਗਲੇ ਸਾਲ ਲਾਹੌਰ ਤੋਂ ਸ਼ਾਹ ਤੁਰਿਆ ਕਸ਼ਮੀਰ,
ਛੇ ਮਹੀਨੇ ਕੱਟ ਕੇ, ਮੁੜ ਪਈ ਫੇਰ ਵਹੀਰ।

ਕਲਮਾਂ ਵਗੀਆਂ ਪੁੱਠੀਆਂ ਗੁੱਸੇ ਹੋਈ ਕਜ਼ਾ,
ਮਰਜ਼ ਪੁਰਾਣੀ ਦਮੇਂ ਦੀ ਸ਼ਾਹ ਨੂੰ ਲਿਆ ਦਬਾ।

ਚਲਦੀ ਚਲਦੀ ਗੱਡੀਓਂ ਉਤਰ ਪਈ ਤਕਦੀਰ,
ਬਣੇ ਤਣੇ ਇਕਬਾਲ ਤੇ, ਦਿੱਤੀ ਫੇਰ ਲਕੀਰ।

ਸੱਦ ਪਈ ਦਰਗਾਹ ਤੋਂ, ਹੋ ਪਿਆ ਸ਼ਾਹ ਤਿਆਰ,
ਦੰਮ ਦਮਾਮਾ ਹੁੰਦਿਆਂ ਦਮ ਦੇ ਦਿੱਤੀ ਹਾਰ।

ਹੱਥੋਂ ਛੁੱਟਾ ਬਾਜ਼ ਤੱਕ (ਤੇਰੇ) ਤੋਤੇ ਉੱਡ ਗਏ,
ਤਾਜ, ਤਸੱਲਤ, ਤਾਲਿਆ, ਤਖਤੋਂ ਡਿੱਗ ਪਏ।

ਸੂਰਜ ਡੁੱਬਾ ਵੇਖ ਕੇ (ਤੇਰੀ) ਅੱਖੀਂ ਪਿਆ ਹਨੇਰ,
ਅਪਣੇ ਅਤੇ ਬਿਗਾਨਿਆਂ ਅੱਖਾਂ ਲਈਆਂ ਫੇਰ।

ਨਰਦਾਂ ਹੋਈਆਂ ਪੁੱਠੀਆਂ ਚੌਪੜ ਚੌੜ ਚੁਪੱਟ,
ਆਸਫ਼ ਸਕੇ ਭਰਾ ਨੇ ਮਾਰੀ ਗੁੱਝੀ ਸੱਟ।



Digitized by Panjab Digital Library | www.panjabdigilib.org

ਘੇਰ ਲਿਆ ਪਰਦੇਸ ਵਿਚ ਬਾਹਰ ਨ ਦਿੱਤਾ ਜਾਣ,
ਓਧਰ ਨਾਲ ਇਸ਼ਾਰਿਆਂ ਸੱਦਿਆ ਸ਼ਾਹ ਜਹਾਨ।

ਤਖ਼ਤ ਗਿਆ ਜਦ ਮੱਲਿਆ, ਲਿਆ ਸਮੇਟ ਪਖੰਡ,
ਸ਼ਹਿਰਯਾਰ ਨੂੰ ਮਾਰ ਕੇ ਪਈ ਭਰਾ ਨੂੰ ਠੰਢ।

ਵੰਜੀ ਗਈਓਂ ਜੱਗ ਤੋਂ ਰਹਿ ਗਿਆ ਰੱਬ ਦਾ ਨਾਂ,
ਢੱਠਾ ਬੋੜ੍ਹ ਸੁਹਾਗ ਦਾ ਨਾਲੇ ਢਹਿ ਗਈ ਛਾਂ।

ਸ਼ਾਹੀ ਦਿਲ ਤੋਂ ਲਹਿ ਗਈ, ਵਹਿ ਗਏ ਸਾਰੇ ਖ਼ਾਬ,
ਲਾਸ਼ ਚੁਕਾ ਕੇ ਕੰਤ ਦੀ ਲੈ ਆਂਦੀ ਪੰਜਾਬ।

ਸ਼ਾਹਦਰੇ ਦੀ ਜੂਹ ਵਿਚ ਮੱਯਤ ਨੂੰ ਦਫ਼ਨਾ,
ਜੋਗਣ ਬਣ ਗਈ ਪੀਆ ਦੀ ਧੂਣੀ ਲਈ ਰਮਾ।

ਨਾ ਤੂੰ ਪਹਿਧਾ ਰੰਗਿਆ, ਨਾ ਸਿਰ ਲਾਇਆ ਤੇਲ,
ਮਹਿੰਦੀ, ਪਾਨ, ਸ਼ਿੰਗਾਰਦਾਨ, ਰਾਵੀ ਦਿੱਤੇ ਠੇਲ੍ਹ।

ਚੂਲੀ ਪਾਈ ਐਸ਼ ਤੇ ਸਦਕੇ ਕੀਤੀ ਜਾਨ,
ਸ਼ਾਹ ਦੇ ਸਿਰ ਤੋਂ ਤਾਜ ਨੂੰ ਕਰ ਦਿੱਤੀ ਕੁਰਬਾਨ।

ਤਸਬੀ ਫੜ ਲਈ ਹੱਥ ਵਿਚ ਤੁੱਡਾ ਲਿਆ ਵਿਛਾ,
ਅੱਲਾ ਅੱਲਾ ਕਰਦਿਆਂ ਦਿੱਤੀ ਉਮਰ ਲੰਘਾ।



Digitized by Panjab Digital Library | www.panjabdigilib.org

ਕੀਮਤ ਕਦਰ ਸ਼ਨਾਸ਼ ਦੀ ਪਾਈ ਸਿਦਕ ਨਿਭਾ,
ਔਰਤ ਹਿੰਦੁਸਤਾਨ ਦੀ ਵਾਲਾ ਜ਼ੁਹਦ ਵਿਖਾ।

ਖੜ ਪੁੱਗੀ ਜਾ ਸੁੱਤੀਓਂ ਸ਼ਾਹ ਦੇ ਕਦਮਾਂ ਕੋਲ,
ਲਿਖੇ ਪਏ ਹਨ ਤਦੋਂ ਦੇ ਤੇਰੇ ਮੂੰਹ ਦੇ ਬੋਲ।

"ਮੈਂ ਆਜਜ਼ ਦੀ ਕਬਰ ਤੇ ਨਾ ਦੀਵਾ ਨਾ ਫੁੱਲ,
ਨਾਂ ਭੰਬਟ ਦਾ ਪਰ ਸੜੇ, ਨਾ ਬੋਲੇ ਬੁਲਬੁਲ।"

---

## ਖਾਤਮਾ

ਤੂੰ ਮਰ ਗਈ ਸਭ ਜਗ ਮਰੇ, ਰਹੇ ਖੁਦਾ ਦਾ ਨਾਂ,
ਪਰ ਹੋ ਗਈ ਇਤਿਹਾਸ ਵਿਚ ਮੁਹਕਮ ਤੇਰੀ ਥਾਂ।

ਤੂੰ ਸੈਂ ਪੁਤਲੀ ਪਿਆਰ ਦੀ ਆਦਲ ਤੇ ਦਾਨਾ,
ਨਾਲ ਅਮੀਰ ਗ਼ਰੀਬ ਦੇ ਹਸਮੁਖੜਾ ਵਰਤਾ।

ਮਰਦਾਨੀ ਮੈਦਾਨ ਦੀ, ਤੀਰ ਅੰਦਾਜ਼ ਸਵਾਰ,
ਜੰਗਲ ਦੇ ਵਿਚ ਸ਼ੇਰ ਦਾ ਕਰਦੀ ਰਹੀ ਸ਼ਿਕਾਰ।

ਸ਼ਿੰਗਾਰਾਂ ਤੇ ਫੈਸ਼ਨਾਂ ਦੀ ਰਹੀਓਂ ਉਸਤਾਦ,
ਤੇਰੀ ਹੈ ਅਹਿਸਾਨਮੰਦ ਅਤਰਾਂ ਦੀ ਈਜਾਦ।



Digitized by Panjab Digital Library | www.panjabdigilib.org

ਗੁਣ ਤੇ ਹੋਰ ਅਨੇਕ ਭੀ, ਰਹਿ ਗਏ ਤੇਰੇ ਨਾਲ,
ਪਰ ਇਕ ਖੂਬੀ ਨੂੰ ਕਦੇ ਔਣਾ ਨਹੀਂ ਜ਼ਵਾਲ।

ਖਿਦਮਤ ਕੀਤੀ ਅਦਬ ਦੀ ਰੀਝਾਂ ਚਾਵਾਂ ਨਾਲ,
ਸੁਖਨਵਰਾਂ ਦੇ ਹੁਨਰ ਦੀ ਪਾਈ ਕਦਰ ਕਮਾਲ।

ਬੂਕਲੀਮ ਦਰਬਾਰ ਦਾ ਸ਼ਾਇਰ ਤੇ ਦਾਨਾ,
ਤੂੰ ਫੜ ਉਸ ਦੀਆਂ ਗ਼ਲਤੀਆਂ ਧੋਣ ਲਈ ਝੁਕਵਾ।

ਇਕ ਮਿਸਰਾ ਜੇ ਸ਼ਾਹ ਦੇ ਮੂੰਹੋਂ ਨਿਕਲ ਪਿਆ,
ਤੂੰ ਹਸ ਹਸ ਕੇ ਦੂਸਰਾ ਦਿੱਤਾ ਤੁਰਤ ਸੁਣਾ।

---

## ਆਖ਼ਰੀ ਅਰਜ਼

ਧੀ ਸੈਂ ਤੂੰ ਈਰਾਨ ਦੀ, ਹਿੰਦੁਸਤਾਨੀ ਨਾਰ,
ਭੈਣ ਬਣੀ ਪੰਜਾਬ ਦੀ, ਠਾਰਾਂ ਸਾਲ ਗੁਜ਼ਾਰ।

ਮਿੱਟੀ ਮੇਰੇ ਵਤਨ ਦੀ ਆਈ ਤੈਨੂੰ ਰਾਸ,
ਪਹਿਲਾਂ ਕਬਰ ਬਣਾ ਲਈ, ਪਿੱਛੋਂ ਕੀਤਾ ਵਾਸ।

ਪੰਜਾਬਣ ਬਣ ਹਿਸਟਰੀ ਹੋਈ ਤੇਰੀ ਮਦਾਮ,
ਇਹ ਕੰਮ ਕਰੇਂ ਤਾਂ ਰਹੇਗਾ ਕਾਇਮ ਤੇਰਾ ਨਾਮ।



Digitized by Panjab Digital Library | www.panjabdigilib.org

ਤੇਰੇ ਸਮੇਂ ਪੰਜਾਬ ਵਿਚ ਜੋ ਸੀ ਮੇਲ ਮਿਲਾਪ,
ਓਹੋ ਵਕਤ ਵਿਖਾਲ ਦੇ ਵਿੱਚ ਖਲੋ ਕੇ ਆਪ।

ਹਿੰਦੂ ਮੁਸਲਿਮ ਇੱਕ ਸਨ ਇੱਕੋ ਮਾਂ ਦੇ ਲਾਲ,
ਜਪਦੇ ਰਾਮ ਰਹੀਮ ਨੂੰ ਬਹਿ ਕੇ ਨਾਲੋ ਨਾਲ।

ਤੇਰੇ ਸੁੱਤੇ ਸੁੱਤਿਆਂ ਆਏ ਕਈ ਭੁਚਾਲ,
ਵਖ਼ਤੀਂ ਕਟਿਆ ਸਮੇਂ ਨੇ ਪੂਰਾ ਤਿੰਨ ਸੌ ਸਾਲ।

ਪਰ ਇਸ ਵੀਹਵੀਂ ਸਦੀ ਨੇ ਡਿੱਠੇ ਉਹ ਉਹ ਹਾਲ,
ਸੱਚ ਸ਼ਰਮ ਦਾ ਮਾਰਿਆ ਮੂੰਹ ਤੇ ਲਏ ਰੁਮਾਲ।

ਇਨਸਾਨੀਅਤ ਇਸ ਤਰ੍ਹਾਂ ਹੋ ਗਈ ਲਹੂ ਲੁਹਾਣ,
ਵਰਕੇ ਭੀ ਤਾਰੀਖ਼ ਦੇ ਅੱਖਾਂ ਪਏ ਲੁਕਾਣ।

ਹਿੰਦੂ ਮੁਸਲਿਮ ਪਿਆਰ ਦਾ ਭਰਿਆ ਛੰਭ ਅਡੋਲ,
ਢੀਮਾਂ ਵਰ੍ਹ ਕੇ ਉੱਪਰੋਂ ਚਿੱਕੜ ਦਿੱਤਾ ਘੋਲ।

ਸਿਖਰ ਚੜ੍ਹੇ ਇਖ਼ਲਾਕ ਨੂੰ ਧੁਰ ਥੱਲੇ ਪਟਕਾ,
ਸੋਨੇ ਦੀ ਝਲਕਾਰ ਨੇ ਲਿਆ ਗ਼ੁਲਾਮ ਬਣਾ।

ਚਿੱਕੜ ਭਰੀਆਂ ਆਤਮਾਂ, ਮੁਰਦਾ ਹੋਏ ਜ਼ਮੀਰ,
ਫਿਰ ਗਈ ਧਰਮ ਈਮਾਨ ਦੀ ਗਰਦਨ ਤੇ ਸ਼ਮਸ਼ੀਰ।



Digitized by Panjab Digital Library | www.panjabdigilib.org

ਬੇਇਤਬਾਰੀ ਛਾ ਗਈ ਕਾਲੀ ਬਦਲੀ ਵਾਂਗ,
ਪਾਟੇ ਹੋਏ ਦਿਲਾਂ ਨੇ ਧਾਰੇ ਝੂਠੇ ਸਾਂਗ।

ਖ਼ੁਦਗਰਜ਼ੀ ਨੇ ਅੱਖੀਆਂ ਦਾ ਖੋਹ ਲਿਆ ਹਯਾ,
ਭਾਈ ਭਾਈਆਂ ਦਾ ਲਹੂ ਪੀਂਦੇ ਡੀਕਾਂ ਲਾ।

ਰੱਬ ਪਰਸਤੀ ਵਹਿ ਗਈ ਦੌਲਤ ਦੇ ਦਰਯਾ,
ਦੁਨੀਆਂ ਪਾਗਲ ਹੋ ਗਈ ਦੀਨ ਲਏ ਬਦਲਾ।

ਚਾਲਾਂ ਤੇ ਚਾਲਾਕੀਆਂ ਦਾ ਖੁਲ੍ਹ ਗਿਆ ਬਜ਼ਾਰ,
ਰੱਬ ਨੂੰ ਭੀ ਜੋ ਠੱਗ ਲੈਣ, ਬਣੇ ਭਗਤ ਹੁਸ਼ਿਆਰ।

ਨਜ਼ਰ ਨ ਆਵੇ ਹੌਸਲਾ ਕਰੇ ਜੋ ਖੁਲ੍ਹ ਕੇ ਗੱਲ,
ਸਭ ਭੇਡਾਂ ਮੂੰਹ ਕਾਲੀਆਂ ਸੱਚ ਨਾ ਸੱਕਣ ਝੱਲ।

ਤੇਰੇ ਵੇਲੇ ਧਨ ਤੇਰਾ ਲਗਾ ਖ਼ੁਦਾ ਦੇ ਰਾਹ,
ਤੇਰਾ ਦਾਨ ਗਰੀਬ ਦਾ ਬਣਿਆ ਪੁਸ਼ਤ ਪਨਾਹ,

ਤੂੰ ਤੇ ਓਸ ਬਹਿਸ਼ਤ ਦੀ ਕੀਤੀ ਨਾ ਪਰਵਾ,
ਐਥੇ ਹੀ ਪੰਜਾਬ ਨੂੰ ਲਿਆ ਬਹਿਸ਼ਤ ਬਣਾ।

ਜਮ ਜਮ ਏਥੇ ਵੱਸ ਤੂੰ ਰੋਜ਼ ਕਿਆਮਤ ਤੀਕ,
ਵਿਗੜੇ ਹੋਏ ਪੰਜਾਬ ਦਾ ਦਿਲ ਕਰਦੀ ਰਹੁ ਠੀਕ।



Panjab Digital Library | www.pa

ਮੋਈਆਂ ਹੋਈਆਂ ਰੂਹਾਂ ਨੂੰ ਚਾਬਕ ਮਾਰ ਜਗਾ,
ਆਜ਼ਾਦੀ ਦਾ ਮਰਤਬਾ ਕੱਠਿਆਂ ਕਰ ਸਮਝਾ।

ਅੱਲਾ ਬਖ਼ਸ਼ੀ ਮਗ਼ਫਰਤ ਵਿਚ ਬਹਿਸ਼ਤਾਂ ਵਾਸ,
ਮੁਫ਼ਲਿਸ ਅਤੇ ਯਤੀਮ ਸਭ ਬੈਠੇ ਹੋਨੀਂ ਪਾਸ।

ਅਮ੍ਰਿਤਸਰੀਆ ਚਾਤ੍ਰਿਕ ਆਇਆ ਦਰਦ ਵੰਡਾਣ,
ਉਨੀ ਸੌ ਚੌਤਾਲੀਆ ੧੯੪੪ ਸਾਲ ਮਸੀਹੀ ਜਾਣ।

ਉੱਨੀ ਸੌ ਤਰਵੰਜਵੇਂ, ਨੌ ਸਾਲਾਂ ਦੇ ਬਾਦ,
ਪਾ ਕੇ ਜਾਮਾ ਗੁਰਮੁਖੀ ਤਾਜ਼ਾ ਹੋਈ ਯਾਦ।

———



Panjab Digital Library | www.pan

# ਕੁਰਸੀਨਾਮਾ ਮੁਗ਼ਲ ਖਾਨਦਾਨ

੧੫੨੬——ਬਾਬਰ——੧੫੩੦

੧੫੩੦——ਹਮਾਯੂੰ——੧੫੫੬

੧੫੫੬——ਅਕਬਰ——੧੬੦੫

੧੬੦੫—ਜਹਾਂਗੀਰ—੧੬੨੭　　ਦਾਨੀਆਲ

ਤਹਿਮੂਰਸ　ਹੋਸ਼ੰਗ

ਖਿਸਰੋ　ਪਰਵੇਜ਼　ਸ਼ਾਹ ਜਹਾਂ　ਜਹਾਂਦਾਰ　ਸ਼ਹਿਰਯਾਰ

੧੬੨੭ | ੧੬੫੮

ਔਰੰਗਜ਼ੇਬ



Panjab Digital Library | www.pa

# ਨੂਰ ਜਹਾਂ ਦੇ ਸਾਕ ਨਾਤੇ

ਖ਼ਾਜਾ ਮੁਹੰਮਦ ਸ਼ਰੀਫ਼ (ਈਰਾਨੀ ਵਜ਼ੀਰ ਤਹਿਮਾਸਪ ਸਫਵੀ) ... ... ... ਦਾਦਾ
ਮਿਰਜ਼ਾ ਗਿਆਸ ਬੇਗ—ਏਤਮਾਦੁੱਦੌਲਾ ... ਪਿਤਾ
ਅਸਮਤ ਬਾਨੋ ਜਾਂ ਅਸਮਤ ਬੇਗਮ ... ਮਾਤਾ
ਅਬੁਲਹਸਨ ਅਮੀਨੁੱਦੌਲਾ ... ... ਵੱਡਾ ਭਰਾ
ਆਸਫ਼ ਖ਼ਾਂ ਜਾਂ ਆਸਫ਼ ਜਾਹ ... ... ਮਝਲਾ ਭਰਾ
ਏਤਕਾਦ ਖਾਂ ... ... ... ਸਭ ਤੋਂ ਛੋਟਾ ਭਰਾ
ਸਾਦਿਕ ਖਾਂ ... ... ... ਭੰਣਵਈਆ

ਅਰਜਮੰਦ ਬਾਨੋ:—ਆਸਫ਼ ਖਾਂ ਦੀ ਛੋਟੀ ਧੀ ਜੋ ਬਾਦ ਵਿਚ ਸ਼ਾਹ ਜਹਾਨ ਦੀ ਮਲਕਾ ਹੋ ਕੇ ਮੁਮਤਾਜ ਮਹੱਲ ਅਖਵਾਈ।

ਸੈਫ਼ ਖਾਂ:— ਆਸਫ਼ ਖਾਂ ਦਾ ਵੱਡਾ ਜਵਾਈ।

ਮਲਿਕ ਮਸਊਦ:—ਈਰਾਨੀ ਸੁਦਾਗਰ ਜਿਸ ਨੇ ਨੂਰ ਜਹਾਂ ਨੂੰ ਕੰਧਾਰ ਦੇ ਜੰਗਲ ਵਿਚੋਂ ਚੁੱਕਿਆ ਸੀ। (ਨੂਰ ਜਹਾਂ ਦਾ ਧਰਮ ਪਿਤਾ।)

ਮਲਿਕ ਮਹਮੂਦ —(ਮਲਿਕ ਮਸਊਦ ਦਾ ਲੜਕਾ) ਨੂਰ ਜਹਾਂ ਦਾ ਧਰਮ ਭਰਾ।

ਅਲੀ ਕੁਲੀ ਖਾਂ (ਸ਼ੇਰ ਅਫ਼ਗਨ):—ਨੂਰ ਜਹਾਂ ਦਾ ਪਹਿਲਾ ਪਤੀ।

ਲਾਡਲੀ ਬੇਗਮ:—(ਅਲੀ ਕੁਲੀ ਖਾਂ ਦੀ ਧੀ ਨੂਰ ਜਹਾਂ ਵਿਚੋਂ), ਸ਼ਹਿਰਯਾਰ ਦੀ ਬੇਗਮ।

ਸ਼ਹਿਰਯਾਰ:—ਜਹਾਂਗੀਰ ਦਾ ਲੜਕਾ—ਲਾਡਲੀ ਬੇਗਮ ਦਾ ਪਤੀ।



Panjab Digital Library | www.pa

# ਜੰਤਰੀ

੩੦ ਅਗਸਤ ਸੰਨ ੧੫੬੯ ਈਸਵੀ (੧੭ ਰਬੀਉਲਅੱਵਲ) ਸ਼ਹਿਜ਼ਾਦਾ ਸਲੀਮ ਜਹਾਂਗੀਰ ਬਾਦਸ਼ਾਹ ਦਾ ਜਨਮ ਦਿਨ।

ਸੰਨ ੧੫੭੭ ਈ: ਮਿਹਰੁਲਨਿਸਾ ਨੂਰ ਜਹਾਂ ਦਾ ਜਨਮ ਦਿਨ।

ਸੰਨ ੧੫੯੪ ਈ: ਸ਼ੇਰ ਅਫ਼ਗਨ ਨਾਲ ਮਿਹਰੁਲਨਿਸਾ ਦੀ ਸ਼ਾਦੀ।

੧੭ ਅਕਤੂਬਰ ਸੰਨ ੧੬੦੫ ਈ: ਅਕਬਰ ਸ਼ਾਹ ਦੀ ਮੌਤ ਤੇ ਜਹਾਂਗੀਰ ਦੀ ਗੱਦੀ ਦਾ ਦਿਨ।

੩੦ ਮਾਰਚ ਸੰਨ ੧੬੦੭ ਈ: ਸ਼ੇਰ ਅਫ਼ਗਨ ਤੇ ਕੋਕਾ ਕੁਤਬੁੱਦੀਨ ਦੀ ਮੌਤ।

ਮਈ ੧੬੧੧ ਈ: ਨੂਰ ਜਹਾਂ ਦੀ ਜਹਾਂਗੀਰ ਨਾਲ ਸ਼ਾਦੀ।

ਅਪ੍ਰੈਲ ਸੰਨ ੧੬੨੧ ਈ: ਲਾਡਲੀ ਬੇਗਮ ਦੀ ਸ਼ਾਦੀ ਸ਼ਹਿਰਯਾਰ ਨਾਲ।

੧੬੨੧ ਈ: ਅਸਮਤ ਬੇਗਮ ਦਾ ਚਲਾਣਾ।

ਜਨਵਰੀ ਸੰਨ ੧੬੨੨ ਈ: ਮਿਰਜ਼ਾ ਗ਼ਿਆਸ ਬੇਗ ਏਤਮਾਦੁੱਦੌਲਾ ਦਾ ਦੇਹਾਂਤ।

ਮਾਰਚ ਸੰਨ ੧੬੨੬ ਈ: ਮਹਾਬਤ ਖਾਂ ਦਾ ਘੇਰਾ ਜਿਹਲਮ ਦਰਿਆ ਦੇ ਕੰਢੇ।

ਅਕਤੂਬਰ ਸੰਨ ੧੬੨੬ ਈ: ਕਾਬਲ ਤੋਂ ਲਾਹੌਰ ਵੱਲ ਵਾਪਸੀ।

ਮਾਰਚ ਸੰਨ ੧੬੨੭ ਈ: ਲਾਹੌਰ ਤੋਂ ਕਸ਼ਮੀਰ ਵੱਲ ਬਾਦਸ਼ਾਹ



Panjab Digital Library | www.pa

ਦੀ ਰਵਾਨਗੀ।

| | |
|---|---|
| ੧੮ ਅਕਤੂਬਰ ਸੰਨ ੧੬੨੭ ਈ:<br>੨੭ ਸਫ਼ਰ ਸੰਨ ੧੦੩੭ ਹਿਜਰੀ | ਕਸ਼ਮੀਰ ਵਿਚ ਜਹਾਂਗੀਰ ਦਾ ਦੇਹਾਂਤ। |

ਨਵੰਬਰ ਸੰਨ ੧੬੨੭ ਈ: ਸ਼ਾਹ ਜਹਾਨ ਦਾ ਤਖ਼ਤ ਉੱਤੇ ਬੈਠਣਾ।

ਅਖੀਰ ਸੰਨ ੧੬੨੭ ਈ: ਸ਼ਹਿਰਯਾਰ ਦਾ ਦੇਹਾਂਤ।

ਸੰਨ ੧੬੪੧ ਈਸਵੀ ਆਸਫ਼ ਜਾਹ ਦਾ ਦੇਹਾਂਤ।

| | |
|---|---|
| ੮ ਦਸੰਬਰ ੧੬੪੫, ਸੋਮਵਾਰ<br>੨੯, ਸ਼ਵਾਲ ੧੦੫੫ ਹਿਜਰੀ | ਨੂਰ ਜਹਾਂ ਦਾ ਦੇਹਾਂਤ। |



Panjab Digital Library | www.pa

Panjab Digital Library | www.pan

Panjab Digital Library | www.pa

B-1538

anjab Digital Library | www.pa

ਸੂ:ਉ: ੬-੫੩ ਚੰ: ਸਿੰ

1 Nov. Sun.

੧ ਨਵੰਬਰ ਐਤਵਾਰ

ਸੰਨ ਈ· ੧੯੫੩

ਦਿਨ੨੬ ਘੜੀ ਪ੮ ਪਲ

Panjab Digital Library | www.pa